Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 157 | Tuesday, August 10, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅਗਲੀਆਂ ਫੈਡਰਲ ਚੋਣਾਂ ਵਿਚ ਖੜ੍ਹੇ ਨਹੀਂ ਹੋਣਗੇ ਲਿਬਰਲ ਐਮਪੀ ਵਾਅਨ, ਮੈਕਕ੍ਰਿਮਨ ਤੇ ਐਮੋਸ



ਓਟਵਾ, 9 ਅਗਸਤ (ਪੋਸਟ ਬਿਊਰੋ) : ਲਿਬਰਲ ਐਮਪੀਜ਼ ਐਡਮ ਵਾਅਨ, ਵਿੱਲ ਐਮੋਸ ਤੇ ਕੈਰਨ ਮੈਕਕ੍ਰਿਮਨ ਦਾ ਕਹਿਣਾ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ।

ਇੱਕ ਇੰਟਰਵਿਊ ਵਿੱਚ ਵਾਅਨ ਨੇ ਆਖਿਆ ਕਿ 15 ਸਾਲ ਸਿਆਸਤ ਵਿੱਚ ਗੁਜ਼ਾਰਨ ਤੋਂ ਬਾਅਦ ਹੁਣ ਉਨ੍ਹਾਂ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਉਹ ਆਪਣੇ ਟੋਰਾਂਟੋ ਦੇ ਹਲਕੇ ਤੋਂ ਮੁੜ ਚੋਣਾਂ ਵਿੱਚ ਖੜ੍ਹੇ ਹੋਣ ਦੀ ਥਾਂ 60 ਸਾਲ ਦਾ ਹੋਣ ਤੋਂ ਬਾਅਦ ਆਪਣੇ ਪਰਿਵਾਰ ਨਾਲ ਵਧੇਰੇ ਸਮਾਂ ਬਿਤਾਉਣਗੇ। ਸਪੈਡਿਨਾ-ਫੋਰਟ ਤੋਂ ਯੌਰਕ ਐਮਪੀ ਨੇ ਆਖਿਆ ਕਿ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਪਹਿਲਾਂ ਜਿਹੜਾ ਕੰਮ ਉਹ ਚੁਸਤੀ ਨਾਲ ਕਰ ਲੈਂਦੇ ਸਨ ਹੁਣ ਉਹ ਕੰਮ ਅੱਧੀ ਸਪੀਡ ਉੱਤੇ ਵੀ ਨਹੀਂ ਕਰ ਪਾਉਂਦੇ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਜੇ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਉਹ ਆਪਣੇ ਅਹੁਦੇ ਨਾਲ ਬੇਇਨਸਾਫੀ ਕਰਨਗੇ।

ਆਪਣੇ ਟਵਿੱਟਰ ਐਕਾਊਂਟ ਉੱਤੇ ਓਟਵਾ ਤੋਂ ਐਮਪੀ ਮੈਕਕ੍ਰਿਮਨ ਨੇ ਆਖਿਆ ਕਿ ਸਿਹਤ ਸਬੰਧੀ ਆ ਰਹੀਆਂ ਚੁਣੌਤੀਆਂ ਕਾਰਨ ਉਹ ਆਪਣੇ ਕਨਾਟਾ-ਕਾਰਲਟਨ ਹਲਕੇ ਤੋਂ ਦੁਬਾਰਾ ਚੋਣਾਂ ਨਹੀਂ ਲੜਨਾ ਚਾਹੁੰਦੀ। ਉਨ੍ਹਾਂ ਆਖਿਆ ਕਿ ਕਿਸੇ ਵੱਲੋਂ ਅਜਿਹਾ ਕਰਨ ਲਈ ਉਨ੍ਹਾਂ ਉੱਤੇ ਦਬਾਅ ਨਹੀਂ ਪਾਇਆ ਜਾ ਰਿਹਾ ਪਰ ਉਨ੍ਹਾਂ ਵੱਲੋਂ ਆਪ ਹੀ ਇਹ ਫੈਸਲਾ ਕੀਤਾ ਗਿਆ ਹੈ।

2015 ਤੋਂ ਕਿਊਬਿਕ ਦੇ ਪੌਂਟੀਐਕ ਹਲਕੇ ਦੀ ਅਗਵਾਈ ਕਰ ਰਹੇ ਐਮੋਸ ਨੇ ਆਖਿਆ ਕਿ ਆਪਣੇ ਪਰਿਵਾਰ ਨਾਲ ਸਾਰੀਆਂ ਸੰਭਾਵਨਾਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਉਨ੍ਹਾਂ ਵੱਲੋਂ ਇਹੋ ਫੈਸਲਾ ਕੀਤਾ ਗਿਆ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ।

## ਭਾਰਤ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਪਾਬੰਦੀ ਵਧਾਵੇਗਾ ਕੈਨੇਡਾ




ਓਟਵਾ, 9 ਅਗਸਤ (ਪੋਸਟ ਬਿਊਰੋ) : ਭਾਰਤ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਕੈਨੇਡਾ 21 ਸਤੰਬਰ ਤੱਕ ਪਾਬੰਦੀਆਂ ਵਧਾਉਣ ਜਾ ਰਿਹਾ ਹੈ। ਅਜਿਹਾ ਕੋਵਿਡ-19 ਮਾਮਲਿਆਂ ਤੋਂ ਹੋਣ ਵਾਲੇ ਖਤਰੇ ਕਾਰਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਫੈਡਰਲ ਟਰਾਂਸਪੋਰਟ ਮੰਤਰਾਲੇ ਵੱਲੋਂ ਸੋਮਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਦਿੱਤੀ ਗਈ। ਪਹਿਲੀ ਵਾਰੀ ਇਹ ਪਾਬੰਦੀ 22 ਅਪਰੈਲ ਨੂੰ ਲਾਈ ਗਈ ਸੀ। ਉਸ ਤੋਂ ਬਾਅਦ ਕਈ ਵਾਰੀ ਇਸ ਵਿੱਚ ਇਜਾਫਾ ਕੀਤਾ ਜਾ ਚੁੱਕਿਆ ਹੈ। ਇਹ ਮਾਪਦੰਡ ਮਾਲ ਵਾਹਕ ਜਹਾਜ਼ਾਂ ਜਾਂ ਮੈਡੀਕਲ ਸਪਲਾਈ ਲਿਆਉਣ ਲਿਜਾਣ ਵਾਲੇ ਜਹਾਜ਼ਾਂ ਉੱਤੇ ਲਾਗੂ ਨਹੀਂ ਹੋਣਗੇ।

## ਸਰਹੱਦ ਖੁੱਲ੍ਹਣ ਤੋਂ ਬਾਅਦ ਵਹੀਰਾਂ ਘੱਤ ਕੇ ਅਮੈਰੀਕਨ ਟੂਰਿਸਟ ਪਹੁੰਚੇ ਨਾਇਗਰਾ ਫਾਲਜ਼



ਨਾਇਗਰਾ ਫਾਲਜ਼, ਓਨਟਾਰੀਓ, 9 ਅਗਸਤ (ਪੋਸਟ ਬਿਊਰੋ) : ਇੱਕ ਸਾਲ ਤੋਂ ਬਾਅਦ ਸੋਮਵਾਰ ਨੂੰ ਕੈਨੇਡਾ ਸਰਕਾਰ ਵੱਲੋਂ ਸਰਹੱਦ ਖੋਲ੍ਹੇ ਜਾਣ ਤੋਂ ਬਾਅਦ ਪਹਿਲੇ ਦਿਨ ਹੀ ਅਮੈਰੀਕਨ ਟੂਰਿਸਟ ਦਾ ਨਾਇਗਰਾ ਰੀਜਨ ਵਿੱਚ ਤਾਂਤਾ ਲੱਗ ਗਿਆ। ਟੂਰਿਸਟ ਵਹੀਰਾਂ ਘੱਤ ਕੇ ਨਾਇਗਰਾ ਫਾਲਜ਼ ਦੇ ਦ੍ਰਿਸ਼ਾਂ ਦਾ ਆਨੰਦ ਮਾਨਣ, ਇਸ ਇਲਾਕੇ ਦੇ ਹੋਰਨਾਂ ਖੂਬਸੂਰਤ ਨਜ਼ਾਰਿਆਂ ਦਾ ਮਜ਼ਾ ਲੈਣ ਤੇ ਨੇੜਲੀ ਵਾਈਨ ਕੰਟਰੀ ਦਾ ਲੁਤਫ ਉਠਾਉਣ ਲਈ ਕੈਨੇਡਾ ਪਹੁੰਚ ਗਏ।

ਦੂਜੇ ਪਾਸੇ ਲੰਮੇਂ ਸੋਕੇ ਦਾ ਸ਼ਿਕਾਰ ਹੋਏ ਕੈਨੇਡਾ ਦੇ ਲੋਕਲ ਕਾਰੋਬਾਰੀਆਂ, ਜਿਹੜੇ ਮੁੱਖ ਤੌਰ ਉੱਤੇ ਟੂਰਿਜ਼ਮ ਉੱਤੇ ਹੀ ਨਿਰਭਰ ਹਨ, ਵੱਲੋਂ ਵੀ ਦਿਲ ਖੋਲ੍ਹ ਕੇ ਇਨ੍ਹਾਂ ਟੂਰਿਸਟਸ ਦਾ ਸਵਾਗਤ ਕੀਤਾ ਗਿਆ। ਓਨਟਾਰੀਓ ਦੇ ਸਰਹੱਦੀ ਰੀਜਨ ਨਾਇਗਰਾ ਦੇ ਕਾਰੋਬਾਰੀਆਂ ਨੇ ਆਖਿਆ ਕਿ ਉਹ ਲੰਮੇਂ ਸਮੇਂ ਤੋਂ ਸਰਹੱਦਾਂ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਨ।

...ਬਾਕੀ ਪੰਨਾ 4 'ਤੇ

## ਕੈਨੇਡੀਅਨ ਨਾਗਰਿਕ ਵੱਲੋਂ ਮੌਤ ਦੀ ਸਜ਼ਾ ਖਿਲਾਫ ਕੀਤੀ ਅਪੀਲ ਚੀਨ ਦੀ ਅਦਾਲਤ ਨੇ ਠੁਕਰਾਈ



ਬੀਜਿੰਗ, 9 ਅਗਸਤ (ਪੋਸਟ ਬਿਊਰੋ) : ਚੀਨ ਵਿੱਚ ਡਰੱਗ ਮਾਮਲੇ ਵਿੱਚ ਫੜ੍ਹੇ ਗਏ ਕੈਨੇਡੀਅਨ ਵੱਲੋਂ ਮੌਤ ਦੀ ਸਜ਼ਾ ਖਿਲਾਫ ਕੀਤੀ ਗਈ ਅਪੀਲ ਮੰਗਲਵਾਰ ਨੂੰ ਚੀਨ ਦੀ ਅਦਾਲਤ ਵੱਲੋਂ ਰੱਦ ਕਰ ਦਿੱਤੀ ਗਈ।

ਰੌਬਰਟ ਸ਼ੈਲਨਬਰਗ ਨੂੰ ਨਵੰਬਰ 2018 ਵਿੱਚ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਵਿੱਚ ਫੜ੍ਹਿਆ ਗਿਆ ਸੀ ਤੇ ਤਥਾ ਕਥਿਤ ਤੌਰ ਉੱਤੇ ਇਸ ਮਾਮਲੇ ਵਿੱਚ ਦੋਸ਼ੀ ਵੀ ਠਹਿਰਾਇਆ ਗਿਆ ਸੀ। ਚੀਨ ਦੀ ਟੈਕਨੀਕਲ ਜਾਇੰਟ ਕੰਪਨੀ ਹੁਆਵੇ ਟੈਕਨਾਲੋਜੀ ਲਿਮਟਿਡ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਅਮਰੀਕਾ ਦੀ ਅਪੀਲ ਉੱਤੇ ਵੈਨਕੂਵਰ ਵਿੱਚ ਨਜ਼ਰਬੰਦ ਕੀਤੇ ਜਾਣ ਤੋਂ ਬਾਅਦ ਇਹ ਸੱਭ ਹੋਇਆ। ਚੀਨੀ ਸਰਕਾਰ ਵੱਲੋਂ ਕੈਨੇਡੀਅਨ ਸਰਕਾਰ ਉੱਤੇ ਵਾਂਗਜ਼ੋਊ ਨੂੰ ਰਿਹਾਅ ਕਰਨ ਲਈ ਦਬਾਅ ਪਾਉਣ ਦੇ ਬਾਵਜੂਦ ਜਦੋਂ ਕੰਮ ਨਹੀਂ ਬਣਿਆਂ ਤਾਂ ਜਨਵਰੀ 2019 ਵਿੱਚ ਅਚਾਨਕ ਸ਼ੈਲਨਬਰਗ ਦੀ ਸਜ਼ਾ ਵਧਾ ਕੇ ਮੌਤ ਦੀ ਸਜ਼ਾ ਵਿੱਚ ਤਬਦੀਲ ਕਰ ਦਿੱਤੀ ਗਈ।

ਲਿਆਓਨਿੰਗ ਪ੍ਰੋਵਿੰਸ ਦੀ ਹਾਇਅਰ ਪੀਪਲਜ਼ ਕੋਰਟ ਵੱਲੋਂ ਸ਼ੈਲਨਬਰਗ ਦੀ ਅਪੀਲ ਇਹ ਆਖਦਿਆਂ ਹੋਇਆਂ ਖਾਰਜ ਕਰ ਦਿੱਤੀ ਕਿ ਇਹ ਸਜ਼ਾ ਬਿਲਕੁਲ ਢੁਕਵੀਂ ਹੈ ਤੇ ਹੇਠਲੀ ਅਦਾਲਤ ਦੀ ਕਾਰਵਾਈ ਬਿਲਕੁਲ ਸਹੀ ਹੈ ਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੀਤੀ ਗਈ ਹੈ। ਇਹ ਮਾਮਲਾ ਮੁਲਾਂਕਣ ਲਈ ਚੀਨ ਦੀ ਸਰਬਉੱਚ ਅਦਾਲਤ ਨੂੰ ਭੇਜਿਆ ਗਿਆ ਹੈ।

## ਤਿੰਨ ਗੋਲੀਆਂ ਲੱਗਣ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 9 ਅਗਸਤ (ਪੋਸਟ ਬਿਊਰੋ) : ਸੋਮਵਾਰ ਸਵੇਰੇ ਟੋਰਾਂਟੋ ਵਿੱਚ ਹਾਈਵੇਅ 400 ਨੇੜੇ ਤਿੰਨ ਗੋਲੀਆਂ ਲੱਗਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਸਮੇਂ ਉਹ ਹਸਪਤਾਲ ਵਿੱਚ ਜੇਰੇ ਇਲਾਜ ਹੈ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਰਾਤੀਂ 12:43 ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਹਾਈਵੇਅ 401 ਉੱਤੇ ਵਿਲਸਨ ਐਵਨਿਊ ਤੇ ਐਵਨਿਊ ਰੋਡ ਇਲਾਕੇ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਕੋਲ ਕੀਆ ਸੇਡਾਨ ਗੱਡੀ ਸੀ ਤੇ ਉਸ ਨੂੰ ਤਿੰਨ ਗੋਲੀਆਂ ਲੱਗੀਆਂ ਸਨ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਵਿਅਕਤੀ ਨੂੰ ਹਾਈਵੇਅ 400 ਤੇ ਫਿੰਚ ਐਵਨਿਊ ਇਲਾਕੇ ਨੇੜੇ ਹੀ ਕਿਤੇ ਗੋਲੀਆਂ ਮਾਰੀਆਂ ਗਈਆਂ ਤੇ ਕਿਸੇ ਤੋਂ ਮਦਦ ਲੈਣ ਤੋਂ ਪਹਿਲਾਂ ਉਹ ਐਵਨਿਊ ਰੋਡ ਪਹੁੰਚ ਗਿਆ। ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਸ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਸੀ। ਓਪੀਪੀ ਤੇ ਟੋਰਾਂਟੋ ਪੁਲਿਸ ਵੱਲੋਂ ਗੋਲੀਆਂ ਦੇ ਖੋਲ ਤੇ ਹੋਰ ਸਬੂਤਾਂ ਲਈ ਰਾਤ ਭਰ ਇਲਾਕੇ ਦੀ ਛਾਣਬੀਣ ਕੀਤੀ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axsel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axsel InsuranceBrokers Ltd.
1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਮੈਕਡੌਨਲਡ ਨੂੰ ਉੱਘੇ ਮਿਲਟਰੀ ਕਮਾਂਡਰ ਵਜੋਂ ਬਹਾਲ ਨਾ ਕਰਨ ਦੀ ਅਪੀਲ

ਓਟਵਾ, 9 ਅਗਸਤ (ਪੋਸਟ ਬਿਊਰੋ) : ਐਡਮਿਰਲ ਆਰਟ ਮੈਕਡੌਨਲਡ ਖਿਲਾਫ ਛੇ ਮਹੀਨੇ ਤੱਕ ਚੱਲੀ ਜਾਂਚ ਤੋਂ ਬਾਅਦ ਵੀ ਭਾਵੇਂ ਪੁਲਿਸ ਵੱਲੋਂ ਕੋਈ ਚਾਰਜਿਜ਼ ਨਹੀਂ ਲਾਏ ਗਏ ਹਨ ਪਰ ਕੈਨੇਡਾ ਦੇ ਉੱਘੇ ਫੌਜੀ ਕਮਾਂਡਰ ਵਜੋਂ ਉਨ੍ਹਾਂ ਨੂੰ ਬਹਾਲ ਨਾ ਕੀਤੇ ਜਾਣ ਦੀ ਫੈਡਰਲ ਲਿਬਰਲ ਸਰਕਾਰ ਤੋਂ ਅਪੀਲ ਕੀਤੀ ਜਾ ਰਹੀ ਹੈ।

ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ (ਸੀ ਐਫ ਐਨ ਆਈ ਐਸ)ਵੱਲੋਂ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਮੈਕਡੌਨਲਡ ਖਿਲਾਫ ਕੋਈ ਠੋਸ ਸਬੂਤ ਨਹੀਂ ਮਿਲੇ ਹਨ ਇਸ ਲਈ ਉਨ੍ਹਾਂ ਨੂੰ ਚਾਰਜ ਕਰਨ ਦੀ ਕੋਈ ਤੁਕ ਨਹੀਂ ਬਣਦੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਰੱਖਿਆ ਮੰਤਰੀ ਹਰਜੀਤ ਸੱਜਣ ਵੱਲੋਂ ਇਸ ਸਬੰਧ ਵਿੱਚ ਅਜੇ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ।



ਜਿਨਸੀ ਸ਼ੋਸ਼ਣ ਦੇ ਸਬੰਧ ਵਿੱਚ ਸੀ ਐਫ ਐਨ ਆਈ ਐਸ ਵੱਲੋਂ ਕੀਤੀ ਜਾ ਰਹੀ ਜਾਂਚ ਦਰਮਿਆਨ ਫਰਵਰੀ ਵਿੱਚ ਮੈਕਡੌਨਲਡ ਨੇ ਆਰਜ਼ੀ ਤੌਰ ਉੱਤੇ ਆਪਣਾ ਅਹੁਦਾ ਛੱਡਿਆ ਸੀ। ਸਰਕਾਰ ਵੱਲੋਂ ਅਜੇ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਚੀਫ ਆਫ ਡਿਫੈਂਸ ਸਟਾਫ ਵਜੋਂ ਮੈਕਡੌਨਲਡ ਨੂੰ ਬਹਾਲ ਕੀਤਾ ਜਾਵੇਗਾ ਜਾਂ ਨਹੀਂ।ਮੈਕਡੌਨਲਡ ਖਿਲਾਫ ਜਦੋਂ ਜਾਂਚ ਸ਼ੁਰੂ ਹੋਈ ਸੀ ਉਸ ਸਮੇਂ ਉਨ੍ਹਾਂ ਨੂੰ ਚੀਫ ਆਫ ਡਿਫੈਂਸ ਸਟਾਫ ਦਾ ਅਹੁਦਾ ਸਾਂਭਿਆਂ ਨੂੰ ਅਜੇ ਮਸ੍ਹਾਂ ਪੰਜ ਹਫਤੇ ਹੀ ਹੋਏ ਸਨ।

ਭਾਵੇਂ ਮੈਕਡੌਨਲਡ ਖਿਲਾਫ ਲੱਗੇ ਦੋਸ਼ਾਂ ਦੀ ਜਨਤਕ ਤੌਰ ਉੱਤੇ ਪੁਸ਼ਟੀ ਨਹੀਂ ਕੀਤੀ ਗਈ ਪਰ ਸੀ ਬੀ ਸੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਦੋਸ਼ ਜਿਨਸੀ ਸ਼ੋਸ਼ਣ ਨਾਲ ਸਬੰਧਤ ਸਨ। ਇਹ ਮਾਮਲਾ ਉਸ ਸਮੇਂ ਦਾ ਹੈ ਜਦੋਂ 2010 ਵਿੱਚ ਮੈਕਡੌਨਲਡ ਕੈਨੇਡੀਅਨ ਵਾਰਸ਼ਿਪ ਦੇ ਕਮਾਂਡਿੰਗ ਅਫਸਰ ਸਨ।ਫਰਵਰੀ ਤੋਂ ਹੀ ਕੈਨੇਡੀਅਨ ਆਰਮੀ ਕਮਾਂਡਰ ਲੈਫਟੀਨੈਂਟ ਵੇਅਨ ਏਅਰ ਨੇ ਕਾਰਜਕਾਰੀ ਡਿਫੈਂਸ ਚੀਫ ਦਾ ਅਹੁਦਾ ਸਾਂਭਿਆ ਹੋਇਆ ਹੈ। ਮੈਕਡੌਨਲਡ ਵੱਲੋਂ ਵੀ ਅਜੇ ਇਸ ਸਬੰਧ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਗਈ।

ਕੁੱਝ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਜਾਂਚ ਸਿਵਲੀਅਨ ਅਥਾਰਟੀਜ਼ ਦੀ ਥਾਂ ਉੱਤੇ ਮਿਲਟਰੀ ਵੱਲੋਂ ਹੀ ਕੀਤੀ ਗਈ ਹੈ ਤੇ ਉਨ੍ਹਾਂ ਨੂੰ ਚਾਰਜ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਕਾਰਨ ਇਹ ਸ਼ੱਕ ਉੱਠਣਾ ਸੁਭਾਵਿਕ ਹੈ ਕਿ ਕੀ ਇਸ ਮਾਮਲੇ ਨੂੰ ਚੰਗੀ ਤਰ੍ਹਾਂ ਹੈਂਡਲ ਕੀਤਾ ਵੀ ਗਿਆ ਹੈ? ਜੇ ਮੈਕਡੌਨਲਡ ਨੂੰ ਬਹਾਲ ਕਰ ਦਿੱਤਾ ਜਾਂਦਾ ਹੈ ਤਾਂ ਇਸ ਵਿੱਚ ਕੋਈ ਹੈਰਾਨੀ ਨਹੀਂ ਹੋਵੇਗੀ ਕਿ ਉਸ ਹੱਥੋਂ ਜਿਨਸੀ ਸ਼ੋਸ਼ਣ ਸਹਿ ਚੁੱਕੇ ਸਰਵਿਸ ਮੈਂਬਰਜ਼ ਦਾ ਯਕੀਨ ਲੀਡਰਸ਼ਿਪ ਤੋਂ ਉੱਠ ਜਾਵੇਗਾ।


SherGill Law Firm
Barrister, Solicitor & Notary Public

Paramjit Singh Gill
(MBA,LL.B.)
Tel: 905-790-3636

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

2565 Steeles Ave E Unit #20, Brampton, ON L6T 4L6




Emergency Contact:
416.910.5676
www.shergilllawfirm.ca



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਘਪਲਾ ਕਣਕ ਦਾ ਹੋ ਗਿਆ ਬਹੁਤ ਵੱਡਾ,
ਵੱਡਿਆਂ ਘਰਾਂ ’ਤੇ ਦੋਸ਼ ਗਏ ਲੱਗ ਬੇਲੀ।
ਕਰਦੇ ਰਹਿੰਦੇ ਉਹ ਆਖਰ ਦੇ ਕੰਮ ਮਾੜੇ,
ਬਾਹਰੋਂ ਭਲੇ ਜਿਹੜੇ, ਅੰਦਰੋਂ ਠੱਗ ਬੇਲੀ।
ਦਿੱਸਿਆ ਧੂੰਆਂ ਚਿੰਗਾੜੀ ਹੈ ਫੇਰ ਦਿੱਸੀ,
ਭੜਕੀ ਚਰਚਿਆਂ ਦੀ ਪਿੱਛੋਂ ਅੱਗ ਬੇਲੀ।
ਦਿੰਦਾ ਆਗੂ ਸਫਾਈਆਂ ਵੀ ਬਹੁਤ ਭਾਵੇਂ,
ਉਹਦਾ ਕਰਦਾ ਯਕੀਨ ਨਹੀਂ ਜੱਗ ਬੇਲੀ।
ਰਹਿੰਦਾ ਸਮਾਂ ਨਾ ਚੋਣ ਦੇ ਵਿੱਚ ਬਾਹਲਾ,
ਵੜਨਾ ਜਨਤਾ ਦੇ ਪਊ ਵਿਚਕਾਰ ਬੇਲੀ।
ਹਾਲਤ ਜਿੰਦਾਂ ਦੀ ਜਾਪਦੀ ਬਣਨ ਲੱਗੀ,
ਕਿਸ਼ਤੀ ਔਖੀ ਹੈ ਪਹੁੰਚਣੀ ਪਾਰ ਬੇਲੀ।

**ਤੀਸ ਮਾਰ ਖਾਂ**

# ਕੋਵਿਡ-19 ਵੈਕਸੀਨ ਪਾਸਪੋਰਟ ਦੀ ਹਮਾਇਤ ਵਿੱਚ ਹੈ ਕੈਨੇਡੀਅਨ ਬਿਜ਼ਨਸ ਕਮਿਊਨਿਟੀ

ਟੋਰਾਂਟੋ,9 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਬਿਜ਼ਨਸ ਕਮਿਊਨਿਟੀ ਕਿਊਬਿਕ ਸਰਕਾਰ ਵੱਲੋਂ ਕਾਇਮ ਕੀਤੇ ਗਏ ਦੇਸ਼ ਦੇ ਪਹਿਲੇ ਵੈਕਸੀਨ ਪਾਸ-ਪੋਰਟ ਸਿਸਟਮ ਦੀ ਹਮਾਇਤ ਵਿੱਚ ਹੈ।

ਕੈਨੇਡੀਅਨ ਚੇਂਬਰ ਆਫ ਕਾਮਰਸ ਦਾ ਕਹਿਣਾ ਹੈ ਕਿ ਵੈਕਸੀਨ ਪਾਸਪੋਰਟ ਜਾਂ ਡਿਜੀਟਲ ਵੈਕਸੀਨੇਸ਼ਨ ਸਰਟੀਫਿਕੇਟਸ ਭਵਿੱਖ ਵਿੱਚ ਮਹਾਂਮਾਰੀ ਤੋਂ ਬਚਣ ਵਿੱਚ ਮਦਦ ਕਰਨਗੇ। ਚੇਂਬਰ ਦਾ ਕਹਿਣਾ ਹੈ ਕਿ ਇਸ ਨਾਲ ਵਿੱਤੀ ਤੌਰ ਉੱਤੇ ਨੁਕਸਾਨਦੇਹ ਲਾਕਡਾਊਨ ਲਾਉਣ ਤੋਂ ਵੀ ਬਚਾਅ ਰਹੇਗਾ ਤੇ ਲੋਅ ਰਿਸਕ ਲੋਕ ਜ਼ਰੂਰੀ ਈਵੈਂਟਸ ਵਿੱਚ ਹਿੱਸਾ ਲੈ



ਸਕਣਗੇ, ਆਜ਼ਾਦੀ ਨਾਲ ਘੁੰਮ ਫਿਰ ਸਕਣਗੇ ਤੇ ਆਪਣੇ ਰੋਜ਼ਾਨਾ ਦੇ ਕੰਮਕਾਜ ਵੀ ਆਸਾਨੀ ਨਾਲ ਪੂਰੇ ਕਰ ਸਕਣਗੇ।

ਚੇਂਬਰ ਦੇ ਪ੍ਰੈਜ਼ੀਡੈਂਟ ਪੈਰਿਨ ਬੈਟੀ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਅਜਿਹਾ ਕੋਈ ਪ੍ਰਬੰਧ ਨਾ ਕਰਨ ਦਾ ਨਤੀਜਾ ਲੋਕਾਂ ਨੂੰ ਬੰਧੀ ਬਣਾ ਕੇ ਰੱਖਣ ਵਾਂਗ ਹੀ ਮੁੜ ਭੁਗਤਣਾ ਪੈ ਸਕਦਾ ਹੈ। ਉਨ੍ਹਾਂ ਆਖਿਆ ਕਿ 12 ਸਾਲ ਤੋਂ ਵੱਧ ਉਮਰ ਦੇ 80 ਫੀ ਸਦੀ ਕੈਨੇਡੀਅਨਜ਼ ਪਹਿਲਾਂ ਹੀ ਵੈਕਸੀਨੇਸ਼ਨ ਲਵਾਉਣ ਸਬੰਧੀ ਆਪਣੀ ਇੱਛਾ ਦਰਸ਼ਾ ਚੁੱਕੇ ਹਨ ਤੇ ਵੈਕਸੀਨੇਸ਼ਨ ਕਰਵਾ ਵੀ ਚੁੱਕੇ ਹਨ ਪਰ ਹਰਡ ਇਮਿਊਨਿਟੀ ਹਾਸਲ ਕਰਨ ਲਈ ਇਹ ਅੰਕੜਾ ਅਜੇ ਵੀ ਕਾਫੀ ਘੱਟ ਹੈ।

ਉਨ੍ਹਾਂ ਅੱਗੇ ਆਖਿਆ ਕਿ ਕੈਨੇਡੀਅਨਜ਼ ਵਾਂਗ ਵੀ ਪ੍ਰਾਈਵੇਟ ਸੈਕਟਰ ਵੀ ਵੰਨ ਸੁਵੰਨਾ ਹੈ ਪਰ ਇੱਕ ਗੱਲ ਹੈ ਜਿਸ ਬਾਰੇ ਪ੍ਰਾਈਵੇਟ ਸੈਕਟਰ ਇੱਕਜੁੱਟ ਹੈ ਤੇ ਉਹ ਹੈ ਕਿ ਅਸੀਂ ਹੋਰ ਲਾਕਡਾਊਨ ਬਰਦਾਸ਼ਤ ਨਹੀਂ ਕਰ ਸਕਦੇ। ਪਿਛਲੇ ਹਫਤੇ ਕਿਊਬਿਕ ਨੇ ਇਹ ਐਲਾਨ ਕੀਤਾ ਸੀ ਕਿ ਸਤੰਬਰ ਤੋਂ ਕਿਊਬਿਕ ਵਾਸੀਆਂ ਨੂੰ ਪ੍ਰੋਵਿੰਸ ਦੇ ਉਨ੍ਹਾਂ ਇਲਾਕਿਆਂ ਵਿੱਚ ਗੈਰ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਕਰਨ ਲਈ ਵੈਕਸੀਨੇਸ਼ਨ ਦਾ ਸਬੂਤ ਦੇਣਾ ਹੋਵੇਗਾ ਜਿੱਥੇ ਕੋਵਿਡ-19 ਟਰਾਂਸਮਿਸ਼ਨ ਕਾਫੀ ਜ਼ਿਆਦਾ ਹੈ।ਇਸ ਲਈ ਕੈਨੇਡੀਅਨ ਬਿਜ਼ਨਸ ਕਮਿਊਨਿਟੀ ਵੱਲੋਂ ਚੇਂਬਰ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਊਬਿਕ ਸਰਕਾਰ ਦੀ ਤਰਜ਼ ਉੱਤੇ ਜਾਂ ਤਾਂ ਵੈਕਸੀਨ ਪਾਸਪੋਰਟ ਜਾਰੀ ਕੀਤਾ ਜਾਵੇ ਤੇ ਜਾਂ ਫਿਰ ਡਿਜੀਟਲ ਵੈਕਸੀਨੇਸ਼ਨ ਸਰਟੀਫਿਕੇਟ ਜਾਰੀ ਕੀਤਾ ਜਾਵੇ।

# ਟੋਰਾਂਟੋ ਵਿੱਚ ਦਿਨ ਦਿਹਾੜੇ ਚੱਲੀ ਗੋਲੀ, ਕਈ ਗੱਡੀਆਂ ਨੂੰ ਪਹੁੰਚਿਆ ਨੁਕਸਾਨ



ਟੋਰਾਂਟੋ, 9 ਅਗਸਤ (ਪੋਸਟ ਬਿਊਰੋ): ਲੇਕ ਸ਼ੋਰ ਬੋਲੀਵੀਅਰਡ ਤੇ ਬਾਥਰਟ ਸਟਰੀਟ ਏਰੀਆ ਵਿੱਚ ਦਿਨ ਦਹਾੜੇ ਚੱਲੀ ਗੋਲੀ ਵਿੱਚ ਕਈ ਗੱਡੀਆਂ ਨੂੰ ਨੁਕਸਾਨ ਪਹੁੰਚਿਆ ਤੇ ਗੋਲੀਆਂ ਦੇ ਕਈ ਖੋਲ ਵੀ ਪੁਲਿਸ ਨੂੰ ਲੱਭੇ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 2:00 ਵਜੇ ਤੋਂ ਬਾਅਦ ਕਈ ਕਾਲਰਜ਼ ਵੱਲੋਂ ਗੋਲੀਆਂ ਚੱਲਣ ਬਾਰੇ ਜਾਣਕਾਰੀ ਦਿੱਤੀ ਗਈ।ਲੋਕਾਂ ਨੇ ਦੱਸਿਆ ਕਿ ਇਸ ਘਟਨਾਕ੍ਰਮ ਦੌਰਾਨ ਛੇ ਤੋਂ ਨੌਂ ਗੋਲੀਆਂ ਚੱਲੀਆਂ। ਇੱਕ ਮਹਿਲਾ ਨੇ ਦੱਸਿਆ ਕਿ ਉਹ ਕੌਫੀ ਲੈਣ ਜਾ ਰਹੀ ਸੀ ਕਿ ਉਸ ਨੇ ਦੇਖਿਆ ਕਿ ਇੱਕ ਵਿਅਕਤੀ ਗੰਨ ਲੈ ਕੇ ਖੜ੍ਹਾ ਸੀ। ਤਮਾਰਾ ਨਾਂ ਦੀ ਇਸ ਮਹਿਲਾ ਨੇ ਦੱਸਿਆ ਕਿ ਉਹ ਵਿਅਕਤੀ ਦੱਖਣ ਵਾਲੇ ਪਾਸੇ ਵੱਲ ਗੋਲੀਆਂ ਚਲਾ ਰਿਹਾ ਸੀ ਤੇ ਉਸ ਤੋਂ ਸਿਰਫ 10 ਮੀਟਰ ਦੀ ਦੂਰੀ ਉੱਤੇ ਹੀ ਸੀ। ਜਿਵੇਂ ਹੀ ਉਸ ਨੇ ਇਹ ਨਜ਼ਾਰਾ ਵੇਖਿਆ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ।

ਤਮਾਰਾ ਨੇ ਆਖਿਆ ਕਿ ਉਹ ਵਿਅਕਤੀ ਕਿਸੇ ਕਾਰ ਉੱਤੇ ਗੋਲੀਆਂ ਚਲਾ ਰਿਹਾ ਸੀ ਫਿਰ ਉਹ ਕਿਸੇ ਹੋਰ ਗੱਡੀ ਵਿੱਚ ਸਵਾਰ ਹੋਇਆ ਤੇ ਉੱਥੋਂ ਚਲਾ ਗਿਆ। ਉਸ ਨੇ ਦੱਸਿਆ ਕਿ ਸੜਕ ਉੱਤੇ ਮੌਜੂਦ ਲੋਕ ਡਰ ਦੇ ਮਾਰੇ ਇੱਧਰ ਉੱਧਰ ਭੱਜ ਰਹੇ ਸਨ। ਉਸ ਨੇ ਆਖਿਆ ਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਵਿਅਕਤੀ ਕਿਸੇ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾ ਰਿਹਾ ਸੀ ਜਾਂ ਬੱਸ ਬਿਨਾਂ ਮਤਲਬ ਤੋਂ ਗੋਲੀਆਂ ਚਲਾ ਰਿਹਾ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਰਹੱਦਾਂ ਖੋਲ੍ਹ ਕੇ ਅਸੀਂ ਚੌਥੀ ਵੇਵ ਨੂੰ ਦੇ ਰਹੇ ਹਾਂ ਸੱਦਾ : ਮਾਹਿਰ

ਓਨਟਾਰੀਓ, 9 ਅਗਸਤ (ਪੋਸਟ ਬਿਊਰੋ) : ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਬਾਰਡਰ ਉੱਤੇ ਪਾਬੰਦੀਆਂ ਵਿੱਚ ਢਿੱਲ ਦੇਣ ਨਾਲ ਓਨਟਾਰੀਓ ਵਿੱਚ ਹੁਣ ਕੋਵਿਡ-19 ਦੀ ਚੌਥੀ ਵੇਵ ਆ ਕੇ ਰਹੇਗੀ। ਕਈ ਮਾਹਿਰਾਂ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ ਕੈਨੇਡਾ ਵਿੱਚ ਚੌਥੀ ਵੇਵ ਆ ਚੁੱਕੀ ਹੈ।



ਜ਼ਿਕਰਯੋਗ ਹੈ ਕਿ ਸਰਹੱਦ ਖੋਲ੍ਹਣ ਦਾ ਫੈਸਲਾ ਕੁੱਝ ਸਮਾਂ ਪਹਿਲਾਂ ਉਦੋਂ ਲਿਆ ਗਿਆ ਸੀ ਜਦੋਂ ਕੈਨੇਡਾ ਤੇ ਅਮਰੀਕਾ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਕਮੀ ਪਾਈ ਗਈ ਸੀ। ਪਰ ਪਿਛਲੇ ਕੁੱਝ ਹਫਤਿਆਂ ਤੋਂ ਡੈਲਟਾ ਵੇਰੀਐਂਟ ਕਰਕੇ ਕੋਵਿਡ-19 ਦੇ ਮਾਮਲੇ ਮੁੜ ਵਧ ਜਾਣ ਕਾਰਨ ਹੀ ਮਾਹਿਰਾਂ ਵੱਲੋਂ ਇਹ ਰਾਇ ਪੇਸ਼ ਕੀਤੀ ਗਈ ਹੈ।ਜਦੋਂ ਫੈਡਰਲ ਸਰਕਾਰ ਵੱਲੋਂ 19 ਜੁਲਾਈ ਨੂੰ ਬਾਰਡਰ ਮਾਪਦੰਡਾਂ ਸਬੰਧੀ ਅਪਡੇਟ ਦਿੱਤੀ ਗਈ ਸੀ ਤਾਂ ਓਨਟਾਰੀਓ ਵਿੱਚ ਇੱਕ ਹਫਤੇ ਵਿੱਚ ਕੋਵਿਡ-19 ਦੇ 155 ਮਾਮਲੇ ਰਹਿ ਗਏ ਸਨ। ਇੱਕ ਹਫਤੇ ਪਹਿਲਾਂ 196 ਮਾਮਲਿਆਂ ਤੋਂ ਹੁਣ ਕੇਸਾਂ ਦੀ ਔਸਤ ਗਿਣਤੀ ਮੁੜ 261 ਤੋਂ ਵੀ ਉੱਪਰ ਤੱਕ ਅੱਪੜ ਚੁੱਕੀ ਹੈ। ਇਸ ਗਿਣਤੀ ਵਿੱਚ ਨਿੱਤਦਿਨ ਵਾਧਾ ਵੀ ਦਰਜ ਕੀਤਾ ਜਾ ਰਿਹਾ ਹੈ।

ਯੂਨੀਵਰਸਿਟੀ ਹੈਲਥ ਨੈੱਟਵਰਕ ਵਿਖੇ ਇਨਫੈਕਸ਼ਨ ਪ੍ਰਿਵੈਂਸ਼ਨ ਐਂਡ ਕੰਟਰੋਲ ਦੀ ਮੈਡੀਕਲ ਡਾਇਰੈਕਟਰ ਡਾ. ਸੂਜ਼ੀ ਹੋਤਾ ਨੇ ਆਖਿਆ ਕਿ ਸਰਹੱਦਾਂ ਖੋਲ੍ਹਣ ਲਈ ਇਹ ਸਮਾਂ ਕਾਫੀ ਰਿਸਕੀ ਹੈ।ਹੋਤਾ ਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਸਰਹੱਦ ਖੋਲ੍ਹਣ ਤੋਂ ਬਾਅਦ ਗੈਰ ਜ਼ਰੂਰੀ ਕਾਰਨਾਂ ਕਰਕੇ ਵੀ ਅਮੈਰੀਕਨਜ਼ ਨੂੰ ਕੈਨੇਡਾ ਆਉਣ ਦੀ ਖੁੱਲ੍ਹ ਮਿਲ ਜਾਵੇਗੀ ਤੇ ਇਸ ਨਾਲ ਕੋਵਿਡ-19 ਦੇ ਹੋਰ ਮਾਮਲੇ ਅਸੀਂ ਇੰਪੋਰਟ ਕਰ ਲਵਾਂਗੇ। ਇਸ ਦੌਰਾਨ ਬਾਇਓਸਟੈਟੇਸਟੀਸ਼ੀਅਨ ਰਾਇਲ ਇਗ੍ਹੰਡ ਨੇ ਆਖਿਆ ਕਿ ਓਨਟਾਰੀਓ ਵਿੱਚ ਚੌਥੀ ਵੇਵ ਫੋਰਡ ਸਰਕਾਰ ਦੇ ਵੈਕਸੀਨੇਸ਼ਨ ਦੇ ਸਬੂਤ ਸਬੰਧੀ ਸਿਸਟਮ ਨੂੰ ਲਾਗੂ ਕਰਨ ਵਿੱਚ ਕੀਤੀ ਜਾਣ ਵਾਲੀ ਆਨਾਕਾਨੀ ਕਾਰਨ ਆਵੇਗੀ। ਉਨ੍ਹਾਂ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਲਬਰਟਾ, ਬੀਸੀ, ਓਨਟਾਰੀਓ, ਕਿਊਬਿਕ ਤੇ ਸਸਕੈਚਵਨ ਵਿੱਚ ਇਸ ਸਮੇਂ ਚੌਥੀ ਵੇਵ ਚੱਲ ਰਹੀ ਹੈ।

# ਈਰਾਨ ਵਿੱਚ ਕੋਰੋਨਾ ਵਾਇਰਸ ਕਾਰਨ ਹਰ ਦੋ ਮਿੰਟ ਬਾਅਦ ਇਕ ਮੌਤ, ਹਾਲਾਤ ਬੇਕਾਬੂ

ਦੁਬਈ, 9 ਅਗਸਤ,(ਪੋਸਟ ਬਿਊਰੋ)- ਈਰਾਨ ਵਿੱਚ ਕੋਰੋਨਾ ਦੀ ਮਾਰ ਵਧਣ ਕਾਰਨ ਹਰ ਦੋ ਮਿੰਟ ਬਾਅਦ ਇਕ ਮੌਤ ਹੋ ਰਹੀ ਹੈ। ਦੂਸਰੇ ਪਾਸੇ ਆਸਟ੍ਰੇਲੀਆ ਵਿੱਚ ਡੈਲਟਾ ਵੇਰੀਐਂਟ ਕਾਰਨ ਲਾਕਡਾਊਨ ਵਧਾ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਈਰਾਨ ਵਿੱਚ ਕੋਰੋਨਾ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਸੋਸ਼ਲ ਡਿਸਟੈਂਸਿੰਗ ਨਾ ਮੰਨਣ ਦੀ ਸਭ ਤੋਂ ਵੱਧ ਲਾਪਰਵਾਹੀ ਕਾਰਨ ਨੁਕਸਾਨ ਹੋ ਰਿਹਾ ਹੈ, ਜਿਸ ਨਾਲ ਹਰ ਦੋ ਮਿੰਟ ਵਿੱਚ ਇਕ ਵਿਅਕਤੀ ਦੀ ਮੌਤ ਹੋ ਰਹੀ ਹੈ ਅਤੇ ਮੌਤਾਂ ਦੀ ਗਿਣਤੀ 94 ਹਜ਼ਾਰ ਤੋਂ ਟੱਪ ਗਈ ਹੈ।ਇਹੀ ਨਹੀਂ, ਹਰ ਦੋ ਸਕਿੰਟਾਂ ਵਿੱਚ ਇਕ ਵਿਅਕਤੀ ਇਸ ਬਿਮਾਰੀ ਤੋਂ ਇਨਫੈਕਟਿਡ ਹੋ ਰਿਹਾ ਹੈਤੇ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਕਮੀ ਹੋ ਗਈ ਹੈ, ਜਿਸ ਕਾਰਨ ਮੌਤਾਂ ਦੀ ਗਿਣਤੀ ਹੋਰ ਵਧ ਸਕਦੀ ਹੈ। ਦੂਸਰੇ ਪਾਸੇ ਆਸਟ੍ਰੇਲੀਆ ਵਿੱਚ ਕੋਰੋਨਾ ਵਾਇਰਸ ਸਿਡਨੀ ਤੋਂ ਨਿਕਲ ਕੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚਵੀ ਫੈਲ ਰਿਹਾ ਹੈ। ਇਸ ਕਾਰਨ ਕੁਝ ਸ਼ਹਿਰਾਂ ਵਿੱਚ ਲਾਕਡਾਊਨ ਲਾ ਦਿੱਤਾ ਗਿਆ ਹੈ। ਅਧਿਕਾਰੀਆਂ ਮੁਤਾਬਕ ਇਨਫੈਕਸ਼ਨ ਵਧਣ ਦਾ ਮੁੱਖ ਕਾਰਨ ਡੈਲਟਾ ਵੇਰੀਐਂਟ ਹੈ।ਇਸ ਦੌਰਾਨ ਇਟਲੀ ਅਤੇ ਫਰਾਂਸ ਵਿੱਚ ਹੈਲਥ ਪਾਸ ਅਤੇ ਵੈਕਸੀਨ ਜ਼ਰੂਰੀ ਕਰਨ ਦੇ ਵਿਰੋਧ ਵਿੱਚ ਮੁਜ਼ਾਹਰਿਆਂ ਵਿੱਚ ਲੋਕਾਂ ਦੀ ਗਿਣਤੀ ਵਧ ਰਹੀ ਹੈ।

# ਸਰਹੱਦ ਖੁੱਲ੍ਹਣ ਤੋਂ ਬਾਅਦ ਵਹੀਰਾਂ ਘੱਤ ਕੇ ਅਮੈਰੀਕਨ ਟੂਰਿਸਟ ਪਹੁੰਚੇ ਨਾਇਗਰਾ ਫਾਲਜ਼

...ਪੰਨਾ 1 ਦਾ ਬਾਕੀ

ਨਾਇਗਰਾ ਫਾਲਜ਼ ਟੂਰਿਜ਼ਮ ਦੀ ਹੈੱਡ ਜੈਨਿਸ ਥੌਮਸਨ ਨੇ ਆਖਿਆ ਕਿ 17 ਮਹੀਨੇ ਦੇ ਲੰਮੇਂ ਇੰਤਜ਼ਾਰ ਤੋਂ ਬਾਅਦ ਇਨ੍ਹਾਂ ਕਾਰੋਬਾਰੀਆਂ ਨੂੰ ਟੂਰਿਸਟਸ ਦਾ ਮੂੰਹ ਵੇਖਣ ਨੂੰ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਲੱਗਭਗ 30 ਫੀ ਸਦੀ ਵਿਜ਼ੀਟਰਜ਼ ਅਮਰੀਕਾ ਤੋਂ ਹੀ ਇੱਥੇ ਆਉਂਦੇ ਹਨ।ਇਸ ਦੌਰਾਨ ਨਾਇਗਰਾ ਵਾਈਨ ਟੂਰਜ਼ ਇੰਟਰਨੈਸ਼ਨਲ ਦੇ ਮਾਲਕ ਨੇ ਆਖਿਆ ਕਿ ਵਾਈਨ ਕੰਟਰੀ ਵਿੱਚ ਮੰਗ ਉਦੋਂ ਤੋਂ ਵੱਧ ਗਈ ਹੈ ਜਦੋਂ ਤੋਂ ਓਨਟਾਰੀਓ ਵਿੱਚ ਰੀਓਪਨਿੰਗ ਸ਼ੁਰੂ ਹੋਈ ਸੀ ਤੇ ਹੁਣ ਸਰਹੱਦ ਖੁੱਲ੍ਹਣ ਤੋਂ ਬਾਅਦ ਇਸ ਮੰਗ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਵਧੀ ਹੈ।

ਨਾਇਗਰਾ ਫਾਲਜ਼ ਤੇ ਨਾਇਗਰਾ-ਆਨ-ਦ-ਲੇਕ ਲੋਕੇਸ਼ਨਜ਼ ਦੇ ਮਾਲਕ ਜ਼ਹੀਰ ਇਸਮਾਇਲ ਨੇ ਆਖਿਆ ਕਿ ਇੱਕ ਵਾਰੀ ਫਿਰ ਅਮੈਰੀਕਨ ਕਸਟਮਰਜ਼ ਦੀ ਸੇਵਾ ਕਰਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਉਮੀਦ ਕਰਦੇ ਹਾਂ ਕਿ ਸਾਡੇ ਨਾਲ ਨਾਲ ਟੂਰਿਸਟ ਵੀ ਪਬਲਿਕ ਹੈਲਥ ਪ੍ਰੋਟਕਾਲਜ਼ ਦਾ ਪੂਰਾ ਪਾਲਣ ਕਰਨਗੇ ਤਾਂ ਕਿ ਸਾਨੂੰ ਹੋਰ ਲਾਕਡਾਊਨ ਨਾ ਵੇਖਣੇ ਪੈਣ।

ਮੇਅਰ ਜਿੰਮ ਡੇਓਡਾਟੀ ਨੇ ਆਖਿਆ ਕਿ ਸਿਟੀ ਨੂੰ ਇਹ ਵੇਖ ਕੇ ਖੁਸ਼ੀ ਹੋ ਰਹੀ ਹੈ ਕਿ ਇੱਕ ਵਾਰੀ ਮੁੜ ਆਮ ਵਰਗੇ ਹਾਲਾਤ ਦਾ ਅਹਿਸਾਸ ਮੁੜ ਆਇਆ ਹੈ। ਉਨ੍ਹਾਂ ਆਖਿਆ ਕਿ ਅਮੈਰੀਕਨ ਟੂਰਿਸਟਸ ਨੂੰ ਵੀ ਹੁਣ ਸਬਰ ਨਾਲ ਕਦਮ ਚੁੱਕਣੇ ਚਾਹੀਦੇ ਹਨ ਤੇ ਵਾਹੋ ਦਾਹੀ ਕੈਨੇਡਾ ਵੱਲੋਂ ਬਾਰਡਰ ਖੋਲ੍ਹਣ ਦਾ ਲਾਹਾ ਲੈਂਦਿਆਂ ਹੋਇਆਂ ਇੱਧਰ ਦਾ ਰੁਖ ਕਰਨ ਦੀ ਥਾਂ ਨਿਯਮਾਂ ਦੀ ਪਾਲਣਾਂ ਕਰਦਿਆਂ ਹੋਇਆਂ ਸਾਂਭ ਸਾਂਭ ਕੇ ਕਦਮ ਰੱਖਣੇ ਚਾਹੀਦੇ ਹਨ।

# ਨਵਜੋਤ ਸਿੱਧੂ ਨੇ ਫਿਰ ਨਸ਼ੇ ਦੇ ਮੁੱਦੇ ਉੱਤੇ ਆਪਣੀ ਪਾਰਟੀ ਦੀ ਕੈਪਟਨ ਸਰਕਾਰ ਨੂੰ ਰਗੜਿਆ

ਚੰਡੀਗੜ੍ਹ, 9 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਨਸ਼ਾ ਤਸਕਰੀ ਦੇ ਕੇਸ ਵਿੱਚਇਕ ਵਾਰ ਫਿਰ ਸਵਾਲ ਉਠਾਏ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਸੀਲ ਬੰਦ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇਪੰਜਾਬ ਵਿੱਚ ਆਪਣੀ ਪਾਰਟੀ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਤੋਂ ਇਸ ਗੱਲ ਦਾ ਜਵਾਬ ਮੰਗਿਆ ਹੈ ਕਿ ਫਰਵਰੀ 2018 ਵਿਚ ਈ ਡੀ ਵਲੋਂ ਬਿਕਰਮ ਸਿੰਘ ਮਜੀਠੀਆ ਤੇ ਕੁਝ ਹੋਰ ਲੋਕਾਂ ਦੀ ਨਸ਼ਾ ਤਸਕਰੀ ਦੇ ਧੰਦੇ ਵਿਚ ਸ਼ਮੂਲੀਅਤ ਬਾਰੇ ਰਿਕਾਰਡ ਕੀਤੇ ਬਿਆਨਤੇ ਸਬੂਤ ਅਦਾਲਤ ਵਿਚ ਪੇਸ਼ ਕਰਨ ਅਤੇ ਜਾਂਚ ਬਾਰੇ ‘ਸਟੇਟਸ ਰਿਪੋਰਟ’ ਐਡੀਸ਼ਨਲ ਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠਲੀ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ)ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੇਸ਼ ਕਰਨ ਪਿੱਛੋਂ ਵੀ ਕੋਈ ਕਾਰਵਾਈ ਕਿਉਂ ਨਹੀਂ ਹੋਈ ਤੇ ਅਜੇ ਤੱਕ ਇਸ ਮਾਮਲੇ ਵਿੱਚ ਲੋਕਾਂ ਦੀ ਤਸੱਲੀ ਕਿਉਂ ਨਹੀਂ ਕਰਵਾਈ ਜਾ ਰਹੀ।



ਅੱਜ ਇੱਕ ਟਵੀਟ ਵਿੱਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 2018 ਵਿੱਚ ਮੈਂ ਪ੍ਰੈਸ ਕਾਨਫਰੰਸ ਕਰਕੇ ਸਰਕਾਰ ਤੋਂ ਮੰਗ ਕੀਤੀ ਕੀਤੀ ਸੀ ਕਿ ਈ ਡੀ ਵੱਲੋਂ ਜਾਂਚ ਕਰ ਕੇ ਅਪਰਾਧ ਦੇ ਸਬੂਤ ਅਦਾਲਤ ਨੂੰ ਪੇਸ਼ ਕਰ ਦੇਣਪਿੱਛੋਂਐੱਸ ਟੀ ਐੱਫ ਵੱਲੋਂ ਅਦਾਲਤ ਨਾਲ ਸ਼ੇਅਰ ਕੀਤੀ ਜਾਣਕਾਰੀ ਉੱਤੇ ਕਾਰਵਾਈ ਕੀਤੀ ਜਾਵੇ।ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਐੱਸ ਟੀ ਐੱਫਦੀ ਰਿਪੋਰਟ ਉੱਤੇ ਬਣਦੀ ਕਾਨੂੰਨੀਕਾਰਵਾਈ ਲਈ ਕਿਹਾ, ਪਰ 2 ਮਈ 2018 ਨੂੰ ਸਰਕਾਰ ਨੇ ਕੋਰਟ ਵਿਚ ਓਪੀਨੀਅਨ-ਕਮ-ਸਟੇਟਸ ਰਿਪੋਰਟ ਦੇ ਦਿੱਤੀ, ਜੋ ਅਜੇ ਤੱਕ ਸੀਲਬੰਦ ਲਿਫ਼ਾਫੇ ਵਿਚ ਪਈ ਹੈ। ਉਨ੍ਹਾਂ ਪੁੱਛਿਆ ਕਿ ਢਾਈ ਸਾਲਾਂ ਉਡੀਕਣ ਪਿੱਛੋਂ ਪੰਜਾਬ ਦੇ ਲੋਕ ਹੋਰ ਕਿੰਨੀ ਉਡੀਕ ਕਰਨਗੇ, ਪੰਜਾਬ ਪੁਲਸ ਨੇ ਕੀ ਜਾਂਚ ਕੀਤੀ ਹੈ, ਪੰਜਾਬ ਸਰਕਾਰ ਨੇ ਕੀ ਕਦਮ ਚੁੱਕੇ ਹਨ, ਰਿਪੋਰਟਾਂ ਪੇਸ਼ ਹੋਣ ਪਿੱਛੋਂ ਰਾਜ ਸਰਕਾਰ ਨੇ ਢਾਈ ਸਾਲਾਂ ਵਿਚ ਕੀ ਕੀਤਾ ਹੈ? ਸਿੱਧੂ ਨੇ ਕਿਹਾ ਕਿ ਇਹ ਸਭ ਜਨਤਕ ਹੋਣਾ ਚਾਹੀਦਾ ਹੈ, ਕਿਉਂਕਿ ਸਰਕਾਰ ਨੂੰ ਖ਼ੁਦ ਨੂੰ ਪੂਰੀ ਪਾਰਦਰਸ਼ਤਾ ਨਾਲ ਲੋਕਾਂ ਪ੍ਰਤੀ ਜਵਾਬਦੇਹ ਬਨਾਉਣਾ ਪਵੇਗਾ।ਉਨ੍ਹਾ ਨੇ ਕਿਹਾ ਕਿ ਅਦਾਲਤ ਨੇ ਢਾਈ ਸਾਲਾਂ ਵਿਚ ਇਸ ਬਾਰੇ ਅਜਿਹਾ ਕੋਈ ਵੱਡਾ ਹੁਕਮ ਨਹੀਂ ਸੁਣਾਇਆ, ਜੋ ਪੰਜਾਬ ਦੀ ਜਵਾਨੀ ਨੂੰ ਪ੍ਰਭਾਵਿਤ ਕਰਦਾ ਹੋਵੇ ਤਾਂ ਫਿਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੀਲਬੰਦ ਰਿਪੋਰਟਾਂ ਨੂੰ ਛੇਤੀ ਖੋਲ੍ਹਣ ਲਈ ਅਦਾਲਤ ਵਿਚ ਅਰਜ਼ੀ ਦੇਵੇ ਤਾਂ ਕਿ ਬਿਕਰਮ ਸਿੰਘ ਮਜੀਠੀਏ ਵਿਰੁੱਧ ਕੇਸ ਸਿੱਟੇ ਉੱਤੇ ਪਹੁੰਚੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇ। ਉਨ੍ਹਾਂ ਕਿਹਾ ਕਿ ਨਸ਼ਾ ਵਪਾਰ ਪਿੱਛੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਕਾਂਗਰਸ ਦੇ 18 ਨੁਕਾਤੀ ਏਜੰਡੇ ਦੀ ਮੁੱਖ ਪਹਿਲ ਹੈ। ਸਿੱਧੂ ਨੇ ਪੁੱਛਿਆ ਕਿ ਮਜੀਠੀਆ ਉੱਤੇ ਕੀ ਕਾਰਵਾਈ ਕੀਤੀ ਹੈ, ਜਦਕਿ ਸਰਕਾਰ ਇਸੇ ਕੇਸ ਨਾਲ ਸੰਬੰਧਤ ਐੱਨ ਆਰ ਆਈਜ਼ ਦੀ ਉਨ੍ਹਾਂ ਦੇਸ਼ਾਂ ਤੋਂ ਹਵਾਲਗੀ ਦੀ ਮੰਗ ਕਰ ਰਹੀ ਹੈ। ਉਨ੍ਹਾ ਕਿਹਾ ਕਿ ਹੋਰ ਦੇਰੀ ਹੋਈ ਤਾਂ ਇਹ ਰਿਪੋਰਟਾਂ ਜਨਤਕ ਕਰਨ ਲਈ ਮੈਂ ਪੰਜਾਬ ਵਿਧਾਨ ਸਭਾ ਵਿਚ ਮਤਾ ਪੇਸ਼ ਕਰਾਂਗਾ।

# ਧਮਾਕਾਖੇਜ਼ ਸਮੱਗਰੀ ਵਾਲਾ ਟਿਫਨ ਤੇ ਹੱਥ ਗੋਲੇ ਬਰਾਮਦ



ਅੰਮ੍ਰਿਤਸਰ, 9 ਅਗਸਤ, (ਪੋਸਟ ਬਿਊਰੋ)- ਤਰਨ ਤਾਰਨ ਜ਼ਿਲੇ ਦੇ ਪਿੰਡ ਡਾਲੇਕੇ ਵਿੱਚ ਅੱਜ ਬੱਚਿਆਂ ਦੇ ਖਾਣੇ ਵਾਲੇ ਟਿਫਿਨ ਬਾਕਸ ਵਿੱਚ ਬੰਬ ਮਿਲਣ ਤੋਂ ਬਾਅਦ ਪੂਰੇ ਪੰਜਾਬ ਵਿਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਆਜ਼ਾਦੀ ਦਿਹਾੜੇ ਨੂੰ ਸਿਰਫ ਇੱਕ ਹਫ਼ਤਾ ਬਾਕੀ ਹੈ, ਇਸ ਹਾਲਤ ਵਿੱਚ ਪੁਲਸ ਸ਼ਾਂਤੀ ਬਣਾਈ ਰੱਖਣ ਲਈ ਚੌਕੰਨੀ ਹੋ ਗਈ ਹੈ। ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਕਿਹਾ ਕਿ ਆਈ ਈ ਡੀ ਨਾਲ ਲੈਸ ਇਹ ਟਿਫਨ ਡਰੋਨ ਰਾਹੀਂ ਪਾਕਿਸਤਾਨ ਤੋਂ ਭੇਜਿਆ ਗਿਆ ਹੈ। ਡਰੋਨ ਰਾਹੀ ਸੁੱਟੇ ਬੈਗ ਵਿੱਚ ਇਸ ਟਿਫਨ ਬਾਕਸ ਤੋਂ ਇਲਾਵਾ ਪੰਜ ਹੱਥਗੋਲੇ ਵੀ ਹਨ। ਉਨ੍ਹਾ ਕਿਹਾ ਕਿ 7 ਅਤੇ 8 ਅਗਸਤ ਦੀ ਦਰਮਿਆਨੀ ਰਾਤ ਸੁਰੱਖਿਆ ਦਸਤਿਆਂ ਨੇ ਡਰੋਨਾਂ ਦੀਆਂ ਆਵਾਜ਼ਾਂ ਸੁਣੀਆਂ ਸਨ। ਫਿਰ ਪੁਲਸ ਨੂੰ ਸੂਚਨਾ ਮਿਲੀ ਕਿ ਇਕ ਬੈਗ ਸ਼ੱਕੀ ਹਾਲਾਤ ਵਿੱਚ ਮਿਲਿਆ ਹੈ। ਜਦੋਂ ਇਸ ਨੂੰ ਖੋਲ੍ਹ ਕੇ ਵੇਖਿਆ ਤਾਂ ਇਸ ਵਿਚੋਂ ਪਲਾਸਟਿਕ ਦਾ ਟਿਫਨ, ਪੰਜ ਹੱਥਗੋਲੇ ਅਤੇ 100 ਕਾਰਤੂਸ ਮਿਲੇ ਹਨ। ਇਸ ਆਈ ਈ ਡੀ ਦਾ ਵਜ਼ਨ 2 ਕਿਲੋ ਦੇ ਕਰੀਬ ਸੀ ਤੇ ਇਸ ਨਾਲ ਇਕ ਸਵਿੱਚ ਤੇ ਰਿਮੋਰਟ ਕੰਟਰੋਲ ਡਿਵਾਈਸ ਵੀ ਸੀ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਮੁੜ ਚੜ੍ਹਿਆ ਭਾਰਤ ਹਾਕੀ ਦਾ ਛਿਪਿਆ ਹੋਇਆ ਸੂਰਜ



-ਪ੍ਰਿੰ. ਸਰਵਣ ਸਿੰਘ-

ਭਾਰਤੀ ਹਾਕੀ ਦਾ ਸੂਰਜ 41 ਸਾਲਾਂ ਤੋਂ ਛਿਪਿਆ ਹੋਇਆ ਸੀ। ਟੋਕੀਓ ਓਲੰਪਿਕ ਵਿਚ ਇਹ ਮੁੜ ਉਦੇ ਹੋਇਆ ਹੈ। ਰੌਸ਼ਨੀ ਦੀਆਂ ਸੁਨਹਿਰੀ ਕਿਰਨਾਂ ਮੁੜ ਲਿਸ਼ਕੀਆਂ ਹਨ। ਸੁੱਤਾ ਸੁਫਨਾ ਫਿਰ ਜਾਗ ਪਿਆ ਹੈ। ਹਾਕੀ ਦਾ ਉਜੜਿਆ ਬਾਗਮੁੜ ਮਹਿਕਿਆ ਹੈ। ਟੋਕੀਓ ਓਲੰਪਿਕ ਵਿਚ ਖੇਡੇ ਭਾਰਤੀ ਹਾਕੀ ਖਿਡਾਰੀਆਂ ਤੇ ਖਿਡਾਰਨਾਂ ਦੇ ਘਰੀਂ ਅਤੇ ਪਿੰਡਾਂ ਸ਼ਹਿਰਾਂ ਵਿਚ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਦੇਸ਼ ਭਰ ਵਿਚ ਹਾਕੀ ਦੀ ਬੱਲੇ ਬੱਲੇ ਹੋ ਰਹੀ ਹੈ। ਹਾਕੀ ਮੈਦਾਨਾਂ ਵਿਚ ਘਿਉ ਦੇ ਦੀਵੇ ਬਾਲੇ ਗਏ ਹਨ। ਖਿਡਾਰੀਆਂ ਨੂੰ ਨਕਦ ਇਨਾਮ, ਮਾਣ ਸਨਮਾਨ ਤੇ ਚੰਗੀਆਂ ਨੌਕਰੀਆਂ ਦੇਣ ਦੇ ਐਲਾਨ ਹੋ ਰਹੇ ਹਨ। ਭਾਵੇਂ ਭਾਰਤ ਦੀਆਂ ਦੋਹਾਂ ਟੀਮਾਂ ਵਿਚੋਂ ਕੋਈ ਟੀਮ ਸੋਨੇ ਜਾਂ ਚਾਂਦੀ ਦਾ ਤਗ਼ਮਾ ਨਹੀਂ ਜਿੱਤ ਸਕੀ ਪਰ ਗਭਰੂਆਂ ਦੀ ਟੀਮ ਵੱਲੋਂ ਕਾਂਸੀ ਦਾ ਤਗ਼ਮਾ ਜਿੱਤਣਾ ਅਤੇ ਮੁਟਿਆਰਾਂ ਦੀ ਟੀਮ ਵੱਲੋਂ ਚੌਥੇ ਸਥਾਨ 'ਤੇ ਆਉਣਾ ਗੋਲਡ ਮੈਡਲ ਜਿੱਤਣ ਤੋਂ ਘੱਟ ਨਹੀਂ ਸਮਝੇ ਜਾ ਰਹੇ। ਕੋਈ ਪੁੱਛ ਸਕਦੈ, ਏਡੇ ਚਾਅ-ਉਤਸ਼ਾਹ ਤੇ ਹੁਲਾਸ ਦਾ ਕੀ ਕਾਰਨ ਹੈ? ਕੀ ਕਾਰਨ ਹੈ ਭਾਰਤੀ ਖਿਡਾਰੀਆਂ ਤੇ ਖਿਡਾਰਨਾਂ ਦੇ ਜਿੱਤਣ ਵੇਲੇ ਹਾਸੇ ਖੇੜੇਖਿੜਦੇ ਰਹੇਅਤੇ ਹਾਰਨ ਵੇਲੇ ਹੰਝੂਆਂ ਦੀਆਂ ਧਾਰਾਂ ਵੀ ਵਹਿਣੋਂ ਨਾ ਰੁਕ ਸਕੀਆਂ। ਕਹਿਣ ਨੂੰ ਜਿੱਤ-ਹਾਰ ਬਰਾਬਰ ਕਹੀ ਜਾਂਦੀ ਹੈ ਪਰ ਬੜਾ ਫਰਕ ਹੁੰਦਾ ਹੈ ਹਾਰ ਤੇ ਜਿੱਤ ਦਾ। ਪਿੰਡਾਂ ਦੀਆਂ ਪੇਂਡੂ ਖੇਡਾਂ ਤੋਂ ਵਿਸ਼ਵ ਦੀਆਂ ਓਲੰਪਿਕ ਖੇਡਾਂ ਤਕ ਇਸ ਫਰਕ ਦੇ ਪਰਤੱਖ ਦਰਸ਼ਨ ਹੁੰਦੇ ਹਨ ਜੋ ਟੋਕੀਓ ਵਿਚ ਵੀ ਹੋਏ।

1928 ਤੋਂ 1980 ਤਕ ਹਾਕੀ ਦੀ ਦੁਨੀਆ ਵਿਚ ਭਾਰਤ ਮੀਰੀ ਮੰਨਿਆ ਜਾਂਦਾ ਸੀ। ਇਸ ਦੌਰਾਨ 12 ਓਲੰਪਿਕ ਖੇਡਾਂ ਹੋਈਆਂ ਜਿਨ੍ਹਾਂ ਵਿਚੋਂ ਭਾਰਤੀ ਹਾਕੀ ਟੀਮਾਂ ਨੇ 8 ਸੋਨ ਤਗ਼ਮੇ, 1 ਚਾਂਦੀ ਤੇ 2 ਤਾਂਬੇ ਦੇ ਤਗ਼ਮੇ ਜਿੱਤੇ ਸਨ। ਕੇਵਲ 1976 ਦੀ ਓਲੰਪਿਕ ਵਿਚੋਂ ਕੋਈ ਤਗ਼ਮਾ ਨਹੀਂ ਸੀ ਜਿੱਤਿਆ ਕਿਉਂਕਿ ਯੂਰਪ ਦੇ ਹਾਕੀ ਅਧਿਕਾਰੀ ਕੁਦਰਤੀ ਘਾਹ ਵਾਲੇ ਖੇਡ ਮੈਦਾਨ ਦੀ ਥਾਂ ਮਸਨੂਈ ਆਸਟਰੋ ਟਰਫ਼ ਲੈ ਆਏ ਸਨ। ਜਦੋਂ ਤਕ ਭਾਰਤ ਹਾਕੀ ਰਾਹੀਂ ਦੁਨੀਆ ਉਤੇ ਲੱਤ ਫੇਰਦਾ ਰਿਹਾ ਉਦੋਂਤਕ ਭਾਰਤ ਹਾਕੀ ਦੀ ਖੇਡ ਨੂੰ ਆਪਣੀ ਕੌਮੀ ਖੇਡ ਮੰਨਦਾਰਿਹਾ। ਫਿਰ ਆਮ ਭਾਰਤ ਵਾਸੀਆਂ ਦਾ ਧਿਆਨ ਕ੍ਰਿਕਟ ਵੱਲ ਕਰ ਦਿੱਤਾ ਗਿਆ। ਕ੍ਰਿਕਟ ਵਿਚ ਅਰਬਾਂ ਖਰਬਾਂ ਰੁਪਏ ਆ ਗਏ। ਲੱਖਾਂ ਕਰੋੜਾਂ ਰੁਪਈਆਂ ਨਾਲ ਖਿਡਾਰੀ ਖਰੀਦੇ ਤੇ ਵੇਚੇ ਜਾਣ ਲੱਗੇ। 'ਭਾਰਤ ਦੇ ਰਤਨ'ਹਾਕੀ ਦੇ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਖਿਡਾਰੀ ਨਹੀਂ, ਕ੍ਰਿਕਟ ਦੇ ਚੌਕੇ ਛਿੱਕੇ ਮਾਰਨ ਵਾਲੇ ਮੰਨੇ ਜਾਣ ਲੱਗੇ।

ਕ੍ਰਿਕਟ ਦੇ ਹਾਵੀ ਹੋ ਜਾਣ ਨਾਲਭਾਰਤੀ ਹਾਕੀ ਦਾ ਅੱਧੀ ਸਦੀ ਤੋਂ ਲਿਸ਼ਕਦਾ ਸੂਰਜ ਐਸਾ ਅਸਤ ਹੋਇਆ ਕਿ ਲਗਾਤਾਰ ਨੌਂ ਓਲੰਪਿਕ ਖੇਡਾਂ ਵਿਚ ਨਾ ਤਿਰੰਗਾ ਲਹਿਰਾਇਆ ਜਾ ਸਕਿਆ ਤੇ ਨਾ ਜਨ ਗਨ ਮਨ ਗੂੰਜਿਆ।41 ਸਾਲਾਂ ਤੋਂ ਭਾਰਤੀ ਹਾਕੀ ਟੀਮ ਕਿਸੇ ਵੀ ਤਗ਼ਮੇ ਲਈਵਿਕਟਰੀ ਸਟੈਂਡ 'ਤੇ ਚੜ੍ਹਨ ਜੋਗੀ ਨਾ ਹੋਈ। ਏਥੋਂ ਤਕ ਕਿ ਫਾਡੀ ਵੀ ਰਹਿੰਦੀ ਰਹੀ ਤੇ ਬੀਜਿੰਗ-2008 ਦੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਕੁਆਲੀਫਾਈ ਵੀ ਨਾ ਕਰ ਸਕੀ। 41 ਸਾਲ ਨਾ ਸਿਰਫ਼ ਓਲੰਪਿਕ ਖੇਡਾਂ ਵਿਚ ਬਲਕਿ ਵਰਲਡ ਹਾਕੀ ਕੱਪ ਜਾਂ ਚੈਂਪੀਅਨਜ਼ ਟਰਾਫੀ ਦੇ ਜਿੱਤ-ਮੰਚ 'ਤੇ ਵੀ ਨਹੀਂ ਚੜ੍ਹ ਸਕੀ। ਅੱਧੀ ਸਦੀ ਤਕ ਹਾਕੀ ਦੀਆਂ ਪੁਰਾਣੀਆਂ ਸ਼ਾਨਦਾਰ ਜਿੱਤਾਂ ਤੇ ਅੱਧੀ ਸਦੀ ਦੇ ਨੇੜ ਦੀਆਂ ਨਮੋਸ਼ੀ ਭਰੀਆਂ ਹਾਰਾਂ ਪਿੱਛੋਂ ਹੁਣ ਹਾਕੀ ਦੇ ਵਿਕਟਰੀ ਸਟੈਂਡ 'ਤੇ ਚੜ੍ਹਨਾ ਜਾਂ ਚੜ੍ਹਨ ਦੇ ਨੇੜੇ ਖੜ੍ਹਨਾ ਚਾਵਾਂ ਮਲ੍ਹਾਰਾਂ ਦੇ ਖੇੜੇ ਨਾ ਲਿਆਉਂਦਾ ਤਾਂ ਹੋਰ ਕੀ ਲਿਆਉਂਦਾ? ਜਿਨ੍ਹਾਂ ਨੇ ਟੋਕੀਓ ਦੇ ਹਾਕੀ ਮੈਚ ਟੀਵੀ ਤੋਂ ਅੱਖੀਂ ਵੇਖੇ ਹਨ ਉਨ੍ਹਾਂ ਤੋਂ ਪੁੱਛੋ ਕਿਵੇਂ ਉਨ੍ਹਾਂ ਦਾ ਸੇਰ ਸੇਰ ਲਹੂ ਵਧਿਆ? ਭਾਰਤੀ ਖਿਡਾਰੀ ਜਿੱਤੇ ਵੀ ਸ਼ਾਨ ਨਾਲ ਤੇ ਹਾਰੇ ਤਾਂ ਵੀ ਜੁਝਾਰੂਆਂ ਵਾਂਗ। ਹੁਣ ਉਨ੍ਹਾਂ ਨੇ ਹਾਕੀ ਦੀ ਖੇਡ ਨੂੰ ਮੁੜ ਕੌਮੀ ਖੇਡ ਬਣਨ ਦੇ ਰਾਹ ਪਾ ਦਿੱਤਾ ਹੈ।

ਟੋਕੀਓ ਹਾਕੀ ਦੇ ਮੁਕਾਬਲਿਆਂ ਵਿਚ ਬੈਲਜੀਅਮ ਦੀ ਹਾਕੀ ਟੀਮ ਪਹਿਲੇ, ਆਸਟ੍ਰੇਲੀਆ ਦੂਜੇ, ਭਾਰਤ ਤੀਜੇ ਤੇ ਜਰਮਨੀ ਦੀ ਟੀਮ ਚੌਥੇ ਥਾਂ ਰਹੀ। ਔਰਤਾਂ ਦੇ ਮੁਕਾਬਲਿਆਂ ਵਿਚ ਨੀਦਰਲੈਂਡਜ਼ ਪਹਿਲੇ, ਅਰਜਨਟੀਨਾ ਦੂਜੇ, ਬਰਤਾਨੀਆ ਤੀਜੇ ਤੇ ਭਾਰਤ ਚੌਥੀ ਥਾਂ ਰਹੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਹੁਣ ਤਕ ਮਰਦਾਂ ਦੀਆਂ ਹਾਕੀ ਟੀਮਾਂ ਦੇ 24 ਵਾਰ ਮੁਕਾਬਲੇ ਹੋਏ ਹਨ ਜਿਨ੍ਹਾਂ ਵਿਚੋਂ ਭਾਰਤ ਨੇ 8 ਗੋਲਡ ਮੈਡਲ, ਪਾਕਿਸਤਾਨ ਨੇ 3, ਬਰਤਾਨੀਆ 3, ਜਰਮਨੀ 3, ਨੀਦਰਲੈਂਡਜ਼ 2, ਆਸਟ੍ਰੇਲੀਆ 1, ਵੈਸਟ ਜਰਮਨੀ 1, ਅਰਜਨਟੀਨਾ 1, ਨਿਊਜ਼ੀਲੈਂਡ 1 ਅਤੇ ਬੈਲਜੀਅਮ ਨੇ 1 ਗੋਲਡ ਮੈਡਲ ਜਿੱਤਿਆ ਹੈ। ਔਰਤਾਂ ਦੀਆਂ ਹਾਕੀ ਟੀਮਾਂ ਦੇ ਓਲੰਪਿਕ ਖੇਡਾਂ ਵਿਚ 1980 ਤੋਂ ਹੁਣ ਤਕ 11 ਵਾਰ ਓਲੰਪਿਕ ਮੁਕਾਬਲੇ ਹੋਏ ਹਨ। ਉਨ੍ਹਾਂ ਵਿਚੋਂ ਨੀਦਰਲੈਂਡਜ਼ ਨੇ 4 ਗੋਲਡ ਮੈਡਲ, ਆਸਟ੍ਰੇਲੀਆ 3, ਜਰਮਨੀ 1, ਬਰਤਾਨੀਆ 1, ਜ਼ਿੰਬਾਵੇ 1 ਅਤੇ ਸਪੇਨ ਨੇ 1 ਗੋਲਡ ਮੈਡਲ ਜਿੱਤਿਆ ਹੈ। ਭਾਰਤ ਦੀ ਹਾਕੀ ਟੀਮ ਟੋਕੀਓ ਵਿਚ ਪਹਿਲੀ ਵਾਰ ਸੈਮੀ ਫਾਈਨਲ ਖੇਡੀ ਹੈ ਅਤੇ ਖ਼ੂਬ ਖੇਡੀ ਹੈ। ਭਾਰਤ ਦੀਆਂ ਦੋਹਾਂ ਟੀਮਾਂ ਨੇ ਭਾਰਤੀਆਂ ਦਾ ਹਾਕੀ ਵਿਚ ਭਰੋਸਾ ਪੱਕਾ ਕਰ ਦਿੱਤਾ ਹੈ ਜਿਸ ਤੋਂ ਆਉਂਦੇ ਸਾਲਾਂ ਵਿਚ ਵੱਡੀਆਂ ਉਮੀਦਾਂ ਰੱਖੀਆਂ ਜਾ ਰਹੀਆਂ ਹਨ। ਇਹਦੇ ਵਿਚ ਜਿਥੇ ਖਿਡਾਰੀਆਂ ਤੇ ਕੋਚ ਸਾਹਿਬਾਨ ਦੀ ਮਿਹਨਤ ਅਤੇ ਖੇਡ ਪ੍ਰਬੰਧਕਾਂ ਦਾ ਹੱਥ ਹੈ ਉਥੇ ਉੜੀਸਾ ਦੀ ਨਵੀਨ ਪਟਨਾਇਕ ਸਰਕਾਰ ਦਾ ਵੀ ਵਿਸ਼ੇਸ਼ ਸਹਿਯੋਗ ਹੈ। ਉਵੇਂ ਹੀ ਜਿਵੇਂ 1975 ਵਿਚ ਪੰਜਾਬ ਸਰਕਾਰ ਨੇ ਭਾਰਤ ਨੂੰ ਵਿਸ਼ਵ ਹਾਕੀ ਕੱਪ ਜਿੱਤਣ ਵਾਲੀ ਹਾਕੀ ਟੀਮ ਤਿਆਰ ਕਰਨ ਵਿਚ ਦਿੱਤਾ ਸੀ।

ਬਿਨਾ ਸ਼ੱਕਟੋਕੀਓ ਓਲੰਪਿਕ ਭਾਰਤੀ ਹਾਕੀ ਦੀ ਭਾਗਾਂ ਭਰੀ ਸਵੇਰ ਬਣ ਕੇ ਆਈ ਹੈ। ਇਹੋ ਕਾਰਨ ਹੈ ਕਿ ਓਲੰਪਿਕ ਖੇਡਾਂ ਵਿਚੋਂ ਹਾਕੀ ਦਾ ਬਰਾਂਜ਼ ਮੈਡਲ ਜਿੱਤਣ ਨੂੰ ਗੋਲਡ ਮੈਡਲ ਸਮਝਿਆ ਜਾ ਰਿਹਾ ਹੈ। ਜਿੰਨੀ ਖ਼ੁਸ਼ੀ ਹੁਣ ਭਾਰਤ ਨੇ ਹਾਕੀ ਦੇ ਬਰਾਂਜ਼ ਮੈਡਲ ਜਿੱਤਣ ਦੀ ਮਨਾਈਹੈ ਏਨੀ ਖ਼ੁਸ਼ੀ ਕਦੇ ਓਲੰਪਿਕ ਦੇ 'ਗੋਲਡਨ ਹੈਟ ਟ੍ਰਿਕ' ਮਾਰਨ 'ਤੇ ਵੀ ਨਹੀਂ ਸੀ ਮਨਾਈ ਗਈ। ਪਹਿਲੇ ਓਲੰਪਿਕ ਜੇਤੂਆਂ ਨੂੰ ਨਕਦ ਇਨਾਮ ਨਹੀਂ ਸਨ ਮਿਲਦੇ ਹੁੰਦੇ। ਮਾੜੀਆਂ ਮੋਟੀਆਂ ਨੌਕਰੀਆਂ ਮਿਲਦੀਆਂ। ਹੁਣ ਹਰਿਆਣੇ, ਪੰਜਾਬ ਤੇ ਹੋਰਨਾਂ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਕਰੋੜਾਂ ਦੇ ਇਨਾਮ ਅਤੇ ਖਿਡਾਰੀਆਂ ਨੂੰ ਚੰਗੀਆਂ ਨੌਕਰੀਆਂ ਦੇਣ ਦੇ ਐਲਾਨ ਹੋ ਰਹੇ ਹਨ। ਇਹ ਸਰਕਾਰਾਂ ਦਾ ਪ੍ਰਸੰਸਾਯੋਗ ਕਾਰਜ ਹੈ।

ਇਹਦੇ ਨਾਲ ਹੀ ਜਿਹੜੇ ਖਿਡਾਰੀ ਭਾਰਤ ਲਈ 'ਗੋਲਡਨ ਹੈਟ ਟ੍ਰਿਕ' ਮਾਰਦੇ ਰਹੇ ਰਤਾ ਉਨ੍ਹਾਂ ਦੇ ਪਰਿਵਾਰਾਂ ਵੱਲ ਵੀ ਨਜ਼ਰ ਮਾਰ ਲੈਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਭਾਰਤੀ ਹਾਕੀ ਟੀਮ ਨੂੰ ਕਰੋੜ ਰੁਪਏ ਦੇ ਇਨਾਮ ਦੇਣ ਦਾ ਨੇਕ ਕਾਰਜ ਤਾਂ ਕਰਦੀ ਹੈ ਪਰ ਬਿਧੀ ਚੰਦ ਦੇ ਵਾਰਸ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕਰਨ ਦਾ 2020 ਵਿਚ ਐਲਾਨ ਕਰ ਕੇ ਵੀਹੁਣ ਤਕ ਪਤਾ ਨਹੀਂ ਅਮਲ ਕਿਉਂ ਨਹੀਂ ਕਰਦੀ? ਟੋਕੀਓ ਓਲੰਪਿਕ ਦੇ ਖਿਡਾਰੀਆਂ ਨੂੰ ਵੀ ਐਲਾਨੇ ਜਾ ਰਹੇ ਇਨਾਮ ਅਤੇ ਚੰਗੀਆਂ ਨੌਕਰੀਆਂ ਕਿਤੇ ਐਲਾਨ ਹੀ ਨਾ ਰਹਿ ਜਾਣ ਬਲਕਿ ਤੁਰੰਤ ਅਮਲ ਹੋਵੇ।ਇਨਾਮ ਸਨਮਾਨ ਤੇ ਹੋਰ ਸਹੂਲਤਾਂ ਖਿਡਾਰੀਆਂ ਨੂੰ ਮੰਗਤਿਆਂ ਵਾਂਗ ਮੰਗਣੀਆਂ ਨਾ ਪੈਣ। ਤੇ ਖਿਡਾਰੀ ਦੀ ਜਿੱਤ ਦੇ ਜਲੌਅ ਵਿਚ ਕਿਤੇ ਆਪਣੀ ਖੇਡ ਤੋਂ ਅਵੇਸਲੇ ਨਾ ਹੋ ਜਾਣ। ਅੱਗੇ ਚੈਂਪੀਅਨਜ਼ ਟਰਾਫੀ ਆਉਣ ਵਾਲੀ ਹੈ, ਵਿਸ਼ਵ ਹਾਕੀ ਕੱਪ ਵੀ ਤੇ ਤਿੰਨਾਂ ਸਾਲਾਂ ਤਕ ਪੈਰਿਸ ਦੀਆਂ ਓਲੰਪਿਕ ਖੇਡਾਂ ਵੀ। ਜਿੱਤ ਦੀਆਂ ਖ਼ੁਸ਼ੀਆਂ ਜ਼ਰੂਰ ਮਨਾਓ ਪਰ ਅਗਲੀ ਜਿੱਤ ਲਈ ਕਮਰਕਸੇ ਵੀ ਕਸੀ ਰੱਖੋ। ਵੇਖਣਾ ਕਿਤੇ ਚੜ੍ਹਦਾ ਸੂਰਜ ਦੁਪਹਿਰ ਤੋਂ ਪਹਿਲਾਂ ਹੀ ਨਾ ਡੁੱਬ ਜਾਵੇ।



ਭਾਰਤ ਵਿਚ ਹਾਕੀ ਦੀ ਖੇਡ ਅੰਗਰੇਜ਼ ਲਿਆਏ ਸਨ। ਚਾਰ ਹਜ਼ਾਰ ਸਾਲ ਪਹਿਲਾਂ ਹਾਕੀ ਵਰਗੀ ਖੇਡ ਮਿਸਰ ਵਿਚ ਖੇਡੀ ਜਾਂਦੀ ਸੀ। ਉਥੋਂ ਇਹ ਇਰਾਨ ਆਈ, ਯੂਨਾਨ ਗਈ ਤੇ ਫਿਰ ਰੋਮਨਾਂ ਵਿਚ ਪ੍ਰਚੱਲਤ ਹੋਈ। ਰੋਮਨਾਂ ਨੇ ਇਹਦਾ ਨਾਂ 'ਪਗਨੇਸ਼ੀਆ' ਰੱਖਿਆ ਤੇ ਉਹ ਇਹਨੂੰ ਯੂਰਪ ਦੇ ਹੋਰਨਾਂ ਮੁਲਕਾਂ ਵਿਚ ਲੈ ਗਏ। ਆਇਰਲੈਂਡ ਵਾਲੇ ਇਸ ਨੂੰ 'ਹਰਲੇ' ਕਹਿਣ ਲੱਗੇ ਤੇ ਸਕਾਟਲੈਂਡ ਵਾਲੇ 'ਸ਼ਿੰਟੀ'। ਫਰਾਂਸ ਵਿਚ ਇਸ ਨੂੰ 'ਹੌਕਿਟ' ਕਿਹਾ ਜਾਣ ਲੱਗਾ। ਇੰਗਲੈਂਡ 'ਚ ਪਹਿਲਾਂ ਇਸ ਦਾ ਨਾਂ 'ਕਾਮਕ' ਰੱਖਿਆ ਗਿਆ ਤੇ ਪਿੱਛੋਂ 'ਬੈਂਡੀ'। 'ਹਾਕੀ' ਨਾਂ ਪਹਿਲੀ ਵਾਰ 1838 ਵਿਚ ਵਰਤਿਆ ਗਿਆ।

ਉਨੀਵੀਂ ਸਦੀ ਦੇ ਅਖ਼ੀਰ ਵਿਚ ਬ੍ਰਿਟਿਸ਼ ਹਾਕੀ ਐਸੋਸੀਏਸ਼ਨ ਬਣੀ ਅਤੇ 1894 ਵਿਚ ਇੰਗਲੈਂਡ ਤੇ ਆਇਰਲੈਂਡ ਵਿਚਕਾਰ ਹਾਕੀ ਮੈਚ ਹੋਇਆ। 1900 ਵਿਚ ਅੰਤਰਰਾਸ਼ਟਰੀ ਹਾਕੀ ਬੋਰਡ ਦੀ ਸਥਾਪਨਾ ਹੋਈ ਜਿਸ ਦੇ ਦਸ ਦੇਸ਼ ਮੈਂਬਰ ਬਣੇ। ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ 1924 'ਚ ਬਣੀ ਜਿਸ ਦਾ ਛੋਟਾ ਨਾਂ ਐੱਫਆਈਐੱਚ ਹੈ। ਹੁਣ ਇਸ ਦੇ 130 ਤੋਂ ਵੱਧ ਦੇਸ਼ ਮੈਂਬਰ ਹਨ। 1908 ਵਿਚ ਲੰਡਨ ਦੀਆਂ ਉਲੰਪਿਕ ਖੇਡਾਂ 'ਚ ਹਾਕੀ ਪਹਿਲੀ ਵਾਰ ਖੇਡੀ ਗਈ ਸੀ ਜਿਸ ਦਾ ਗੋਲਡ ਮੈਡਲ ਇੰਗਲੈਂਡ ਦੀ ਟੀਮ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਉਲੰਪਿਕ ਖੇਡਾਂ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਇੰਗਲੈਂਡ ਫਿਰ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਭਾਰਤ ਵਿਚ ਵੀ ਪੁਚਾ ਦਿੱਤੀ ਸੀ। ਫੌਜੀ ਛਾਉਣੀਆਂ ਵਿਚ ਹਾਕੀ ਦੇ ਮੈਚ ਹੋਣ ਲੱਗ ਪਏ ਸਨ। ਭਾਰਤ ਵਿਚ ਹਾਕੀ ਵਰਗੀ ਖੇਡ ਖਿੱਦੋ ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ ਜਿਸ ਕਰਕੇ ਹਾਕੀ ਛੇਤੀ ਹੀ ਭਾਰਤੀਆਂ 'ਚ ਮਕਬੂਲ ਹੋ ਗਈ। ਜਲੰਧਰ ਛਾਉਣੀ ਦੇ ਲਾਗਲੇ ਪਿੰਡਾਂ ਕਈਹਾਕੀ ਦੀ ਖੇਡ ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ ਵਾਲੀ ਗੱਲ ਬਣ ਗਈ। ਨਿੱਕੇ ਜਿਹੇ ਪਿੰਡ ਸੰਸਾਰਪੁਰ ਨੇ ਭਾਰਤੀ ਹਾਕੀ ਟੀਮਾਂ ਨੂੰ ਪੂਰੀ ਇਲੈਵਨ ਤੋਂ ਕਿਤੇ ਵੱਧ ਹਾਕੀ ਖਿਡਾਰੀ ਦਿੱਤੇ। ਪਿੰਡ ਮਿੱਠਾਪੁਰ ਨੇ ਓਲੰਪਿਕ ਕਪਤਾਨ ਪਰਗਟ ਸਿੰਘ ਹੀ ਨਹੀਂ ਦਿੱਤਾ ਟੋਕੀਓ ਓਲੰਪਿਕ ਲਈ ਤਿੰਨ ਖਿਡਾਰੀ, ਟੀਮ ਕਪਤਾਨ ਮਨਪ੍ਰੀਤ ਸਿੰਘ, ਮਨਦੀਪ ਸਿੰਘ ਤੇ ਵਰੁਣ ਕੁਮਾਰ ਵੀ ਦਿੱਤੇ। ਇਸ ਟੀਮ ਦੇ ਵੀਹ ਖਿਡਾਰੀਆਂ ਵਿਚ ਗਿਆਰਾਂ ਖਿਡਾਰੀ ਪੰਜਾਬ ਦੇ ਪਿੰਡਾਂ ਤੋਂ ਖੇਡੇ। ਤੇ ਲੜਕੀਆਂ ਦੀ ਹਾਕੀ ਟੀਮ ਵਿਚ 9 ਖਿਡਾਰਨਾਂ ਹਰਿਆਣੇ ਦੇ ਪਿੰਡਾਂ ਦੀਆਂ ਖੇਡੀਆਂ। ਲਗਭਗ ਸਾਰੇ ਖਿਡਾਰੀ ਤੇ ਖਿਡਾਰਨਾਂ ਸਧਾਰਨ ਕਿਰਤੀ ਕਿਸਾਨਾਂ ਦੇ ਜਾਏ ਹਨ ਜਿਨ੍ਹਾਂ ਦਾ ਵੇਰਵਾ ਕਦੇ ਫੇਰ ਸਹੀ।

1975 ਵਿਚ ਭਾਰਤੀ ਟੀਮ ਨੇ ਵਿਸ਼ਵ ਹਾਕੀ ਕੱਪ (ਅਜੇ ਤਕ ਇਕੋ ਵਾਰ) ਜਿੱਤਿਆ ਸੀ ਤੇ 1980 ਵਿਚ ਮਾਸਕੋ ਦੀਆਂ ਉਲੰਪਿਕ ਖੇਡਾਂ 'ਚੋਂ ਸੋਨੇ ਦਾ ਤਗ਼ਮਾ ਹਾਸਲ ਕੀਤਾ ਸੀ। ਇਹ ਤਗ਼ਮਾ ਆਸਟ੍ਰੇਲੀਆ, ਪਾਕਿਸਤਾਨ, ਹਾਲੈਂਡ, ਜਰਮਨੀ ਤੇ ਨਿਊਜ਼ੀਲੈਂਡ ਦੀਆਂ ਟੀਮਾਂ ਦੇ ਬਾਈਕਾਟ ਕਾਰਨ ਭਾਰਤ ਦੇ ਹੱਥ ਆਇਆ ਸੀ। ਪਰ ਪਿਛਲੇ ਚਾਰ ਦਹਾਕਿਆਂ ਤੋਂ ਭਾਰਤੀ ਟੀਮ ਓਲੰਪਿਕ, ਵਰਲਡ ਕੱਪ ਤੇ ਚੈਂਪੀਅਨਜ਼ ਟਰਾਫੀ ਵਿਚ ਖਾਲੀ ਹੱਥ ਰਹਿੰਦੀ ਰਹੀ। ਸੁਆਲ ਪੈਦਾ ਹੁੰਦਾ ਹੈ ਕਿ ਏਡਾ ਸ਼ਾਨਦਾਰ ਪਿਛੋਕੜ ਰੱਖਦੀ ਭਾਰਤੀ ਹਾਕੀ ਨੂੰ ਹੋ ਕੀ ਗਿਆ ਸੀ?

ਓਲੰਪਿਕ ਖੇਡਾਂ ਦੇ ਸੋਨ ਤਗ਼ਮੇਇੰਡੀਆ ਨੇ ਉਦੋਂ ਜਿੱਤਣੇ ਸ਼ੁਰੂ ਕੀਤੇ ਸਨ ਜਦੋਂ ਮੁਲਕ ਅੰਗਰੇਜ਼ਾਂ ਦਾ ਗ਼ੁਲਾਮ ਸੀ। ਉਸ ਵਿਚ ਐਂਗਲੋ ਇੰਡੀਅਨ ਖਿਡਾਰੀ ਵੀ ਖੇਡਦੇ ਸਨ ਜਦ ਕਿ ਬਰਤਾਨੀਆ ਆਪਣੇ ਨਾਂ ਤੇ ਟੀਮ ਨਹੀਂ ਸੀ ਭੇਜਦਾਪਈ ਉਹਨਾਂ ਦਾ ਗ਼ੁਲਾਮ ਇੰਡੀਆ ਕਿਤੇ ਹਰਾ ਨਾ ਦੇਵੇ!ਭਾਰਤ ਆਜ਼ਾਦ ਹੋਇਆ ਤਾਂ ਐਂਗਲੋ ਇੰਡੀਅਨ ਵਾਪਸ ਚਲੇ ਗਏ ਅਤੇ ਪੰਜਾਬ ਦਾ ਹਾਕੀ ਖੇਡਣ ਵਾਲਾ ਕਾਫੀ ਸਾਰਾ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ। ਪਰ ਭਾਰਤ ਫਿਰ ਵੀ ਜਿੱਤਦਾ ਰਿਹਾ। ਫਿਰ ਪਾਕਿਸਤਾਨ ਦੀ ਹਾਕੀ ਟੀਮ ਜਿੱਤਣ ਲੱਗੀ ਤਾਂ ਸੋਚਿਆ ਚਲੋ ਪਾਕਿਸਤਾਨ ਵੀ ਤਾਂ ਪਹਿਲਾਂ ਇੰਡੀਆ ਹੀ ਹੁੰਦਾ ਸੀ। ਪਿਛਲੇਕਾਫੀ ਸਾਲਾਂ ਤੋਂ ਨਾ ਪਾਕਿਸਤਾਨ ਜਿੱਤ ਰਿਹੈ ਤੇ ਨਾ ਭਾਰਤ ਸਗੋਂ ਉਹ ਮੁਲਕ ਜਿੱਤ ਰਹੇ ਨੇ ਜਿਹੜੇ ਕਦੇ ਹਾਕੀ ਵਿਚ ਬਹੁਤ ਪਿੱਛੇ ਸਨ। ਜਿਵੇਂ ਬੀਜਿੰਗ ਓਲੰਪਿਕ ਖੇਡਣ ਲਈ ਭਾਰਤ ਦੀ ਟੀਮ ਕੁਆਲੀਫਾਈ ਨਹੀਂ ਸੀ ਕਰ ਸਕੀ ਉਵੇਂ ਟੋਕੀਓ ਓਲੰਪਿਕ ਵਿਚ ਪਾਕਿਸਤਾਨ ਦੀ ਹਾਕੀ ਟੀਮ ਕੁਆਲੀਫਾਈ ਨਹੀਂ ਕਰ ਸਕੀ।

ਬਰੀਕੀ ਨਾਲ ਘੋਖ ਕਰੀਏ ਤਾਂ ਭਾਰਤ ਦੀਆਂ ਹਾਕੀ ਟੀਮਾਂ ਉਦੋਂ ਸੋਨ ਤਗ਼ਮੇ ਜਿੱਤਦੀਆਂ ਰਹੀਆਂ ਜਦੋਂ ਘੱਟ ਮੁਲਕ ਹਾਕੀ ਖੇਡਦੇ ਸਨ ਜਾਂ ਭਾਰਤ ਵਾਂਗ ਸ਼ਿੱਦਤ ਨਾਲ ਹਾਕੀ ਨਹੀਂ ਸਨ ਖੇਡਦੇ। ਉਦੋਂ ਜਿੱਤ-ਮੰਚ 'ਤੇ ਚੜ੍ਹਨਾ ਸੁਖਾਲਾ ਸੀ। 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਤਾਂ ਟੀਮਾਂ ਹੀ ਸਿਰਫ਼ ਤਿੰਨ ਸਨ। ਉਹ ਵੀ ਜਾਪਾਨ ਤੇ ਮੇਜ਼ਬਾਨ ਅਮਰੀਕਾ ਦੀਆਂ ਜਿਨ੍ਹਾਂ ਸਿਰ ਇੰਡੀਆ ਨੇ 11 ਤੇ 24 ਗੋਲ ਕੀਤੇ। ਹੁਣ ਕੋਈ ਟੀਮ ਏਨੀ ਮਾੜੀ ਨਹੀਂ ਹੁੰਦੀ ਕਿ 24 ਗੋਲ ਖਾਵੇ!

ਮੌਂਟਰੀਅਲ ਓਲੰਪਿਕ-1976 ਤੋਂ ਹਾਕੀ ਆਸਟ੍ਰੋ ਟਰਫ਼ 'ਤੇ ਖੇਡੀ ਜਾਣ ਲੱਗੀ ਹੈ। ਹਾਕੀ ਦੇ ਨਿਯਮਾਂ ਵਿਚ ਵੀ ਬੜੀ ਤਬਦੀਲੀ ਆਈ ਹੈ। ਇਹ ਡਰਿਬਲਿੰਗ ਤੇ ਨਿੱਕੇ ਪਾਸਾਂ ਦੀ ਥਾਂ ਲੰਮੇ ਪਾਸ, ਜ਼ੋਰਦਾਰ ਹਿੱਟ, ਤੇਜ਼ ਰਫ਼ਤਾਰੀ ਤੇ ਤਾਕਤ ਦੀ ਖੇਡ ਬਣ ਗਈ ਹੈ। ਇਹਦੇ ਲਈ ਸਰੀਰਕ ਤੌਰ 'ਤੇ ਵਧ ਤਕੜੇ ਤੇ ਵਧੇਰੇ ਤੇਜ਼ ਦੌੜਨ ਵਾਲੇ ਖਿਡਾਰੀਆਂ ਦੀ ਲੋੜ ਹੈ। ਪੈਨਲਟੀ ਕਾਰਨਰ ਦੇ ਗੋਲ ਕਰਨ ਲਈ ਬਲਵਾਨ ਬਾਹਾਂ ਚਾਹੀਦੀਆਂ ਹਨ। ਸੱਠ ਮਿੰਟਾਂ ਦੇ ਚਾਰ ਕੁਆਟਰ ਖੇਡਣ ਲਈ ਸੌ ਮਿੰਟ ਖੇਡਣ ਦਾ ਦਮ ਚਾਹੀਦੈ। ਨਾਲ ਜੂਝ ਮਰੋਂ ਤੇ ਨਿਸਚੈ ਕਰ ਆਪਨੀ ਜੀਤ ਕਰੋਂ ਦਾ ਜਜ਼ਬਾ ਵੀ ਹੋਵੇ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਕੁਝ ਸਾਲ ਇਹ ਜਜ਼ਬਾ ਮਘਦਾ ਰਿਹਾ। ਸਮੇਂ ਨਾਲ ਇਹ ਜਜ਼ਬਾ ਵੀ ਸਮੇਂ ਦੇ ਭਾਰਤੀ ਸਿਆਸਤਦਾਨਾਂ ਵਾਂਗ ਈ ਮੀਸਣਾ ਹੁੰਦਾ ਗਿਆ!

ਅਜੋਕੇ ਦੌਰ ਵਿਚਆਸਟ੍ਰੇਲੀਆ, ਜਰਮਨੀ, ਨੀਦਰਲੈਂਡਜ਼, ਬੈਲਜੀਅਮ, ਬਰਤਾਨੀਆ, ਅਰਜਨਟੀਨਾ, ਸਪੇਨ ਤੇ ਨਿਊਜ਼ੀਲੈਂਡ ਆਦਿ ਦੀਆਂ ਟੀਮਾਂ ਬੜੀਆਂ ਤਕੜੀਆਂ ਹਨ। ਭਾਰਤ ਦੇ ਮਰਦਾਂ ਤੇ ਔਰਤਾਂ ਦੀਆਂ ਹਾਕੀ ਟੀਮਾਂ ਹੁਣ ਉਪਰਲੀਆਂ ਟੀਮਾਂ ਵਿਚ ਆ ਖੜ੍ਹੀਆਂ ਹਨ। ਭਾਰਤੀ ਖਿਡਾਰੀਆਂ ਦੀ ਖੇਡ ਘਾਹ ਵਾਲੇ ਮੈਦਾਨਾਂ 'ਤੇ ਬਿਹਤਰ ਸੀ। ਹੁਣ ਕੌਮਾਂਤਰੀ ਹਾਕੀ ਮੈਚ ਕਿਉਂਕਿ ਆਸਟ੍ਰੋ ਟਰਫ ਉਤੇ ਹੀ ਖੇਡੇ ਜਾਂਦੇ ਹਨ ਇਸ ਲਈ ਲੋੜ ਹੈ ਭਾਰਤ ਵਿਚ ਆਸਟ੍ਰੋ ਟਰਫ ਮੈਦਾਨ ਵਧੇਰੇ ਬਣਾਏ ਜਾਣ। ਜੇਕਰ ਹੋਰਨਾਂ ਮੁਲਕਾਂ 'ਤੇ ਨਜ਼ਰ ਮਾਰੀਏ ਤਾਂ ਇੰਗਲੈਂਡ ਵਿਚ 1000, ਹਾਲੈਂਡ 'ਚ 625, ਆਸਟ੍ਰੇਲੀਆ 'ਚ 410, ਜਰਮਨੀ 'ਚ 350 ਤੇ ਨਿਊਜ਼ੀਲੈਂਡ ਵਿਚ 80 ਆਸਟ੍ਰੋ ਟਰਫ ਹਾਕੀ ਮੈਦਾਨ ਹਨ। ਵਿਸ਼ਾਲ ਦੇਸ਼ ਭਾਰਤ ਵਿਚ ਇਨ੍ਹਾਂ ਦੀ ਗਿਣਤੀ ਹਾਲਾਂ ਵੀ ਅੱਧਾ ਸੈਂਕੜਾ ਪਾਰ ਨਹੀਂ ਹੋਈ। ਦੱਖਣੀ ਅਫਰੀਕਾ ਹਾਲੇ ਕੱਲ੍ਹ ਹਾਕੀ ਖੇਡਣ ਲੱਗੈ ਤੇ ਉਥੇ 58 ਆਸਟ੍ਰੋ ਟਰਫ ਹਨ। ਦੱਖਣੀ ਕੋਰੀਆ ਦੀ ਹਾਕੀ ਵਿਚ ਪਛਾਣ 1986 ਤੋਂ ਬਣੀ ਹੈ ਤੇ ਉਸ ਨੇ ਭਾਰਤ ਤੋਂ ਵੱਧ ਆਸਟ੍ਰੋ ਟਰਫ ਵਿਛਾ ਲਏ ਹਨ।


'ਕੱਲੇ ਆਸਟ੍ਰੋ ਟਰਫ ਵੀ ਕੁਝ ਨਹੀਂ ਕਰ ਸਕਦੇ ਜੇਕਰ ਇਨ੍ਹਾਂ ਦੀ ਸਦਵਰਤੋਂ ਨਾ ਕੀਤੀ ਜਾਵੇ। ਜੇ ਟਰਫ਼ਾਂ ਨੂੰ ਜਿੰਦੇ ਈ ਲੱਗੇ ਰਹਿਣ ਤਾਂ ਜਿਹੇ ਬਣਾਏ ਜਿਹੇ ਨਾ ਬਣਾਏ। ਹਰੇਕ ਆਸਟ੍ਰੋ ਟਰਫ ਨਾਲ ਬਚਪਨ ਤੋਂ ਹਾਕੀ ਖਿਡਾਰੀ ਜੋੜੇ ਜਾਣ। ਘੱਟੋਘੱਟ 100 ਆਸਟ੍ਰੋ ਟਰਫਾਂ ਉਤੇ 400 ਟੀਮਾਂ ਦੀ ਕੋਚਿੰਗ ਹੋਵੇ ਯਾਨੀ ਦੇਸ਼ ਭਰ ਚੋਂ 5000 ਹੋਣਹਾਰ ਖਿਡਾਰੀ ਚੁਣੇ ਜਾਣ। ਉਨ੍ਹਾਂ ਦੀ ਖ਼ੁਰਾਕ, ਰਹਾਇਸ਼ ਤੇ ਪੜ੍ਹਾਈ ਦਾ ਪ੍ਰਬੰਧ ਹੋਵੇ ਅਤੇ 100 ਖ਼ਾਸ ਕੋਚਾਂ ਤੇ ਬਾਕੀ ਆਮ ਕੋਚਾਂ ਰਾਹੀਂ ਕੋਚਿੰਗ ਦਿੱਤੀ ਜਾਵੇ। ਸੌ ਵਿਚੋਂ ਦਸ ਸੈਂਟਰ ਸਪੈਸ਼ਲ ਕੋਚਿੰਗ ਦੇ ਹੋਣ। ਇਹੋ ਜਿਹੇ ਕਾਰਜ ਸੂਝ ਸਿਆਣਪ ਤੇ ਪ੍ਰਚੰਡ ਜਜ਼ਬੇ ਨਾਲਹੀ ਕੀਤੇ ਜਾ ਸਕਦੇ ਹਨ। ਜਦੋਂ ਦੇਸ਼ਵਾਸੀਆਂ 'ਚ ਆਜ਼ਾਦੀ ਦਾ ਜਜ਼ਬਾ ਜਾਗਿਆ ਸੀ ਤਾਂ ਜਿੱਤਣ ਲਈ ਖੇਡ ਜਜ਼ਬਾ ਵੀ ਬੁਲੰਦ ਹੋਇਆ ਸੀ। ਅੱਗੋਂ ਵੀ ਜੇ ਭਾਰਤੀ ਹਾਕੀ ਨੂੰ ਪਹਿਲਾਂ ਵਾਲੀ ਬੁਲੰਦੀ 'ਤੇ ਪੁਚਾਉਣਾ ਹੈ ਤਾਂ ਜੂਝ ਮਰੋਂ ਵਾਲੇ ਨਿਸਚੈ ਦੀ ਲੋੜ ਹੈ। ਅੱਗੋਂ ਐਸੀ ਤੜਪ ਜਗਾਈ ਜਾਵੇ ਜਿਹੜੀ ਜਿੱਤ-ਮੰਚ 'ਤੇ ਚੜ੍ਹੇ ਬਿਨਾਂ ਚੈਨ ਨਾ ਲੈਣ ਦੇਵੇ!

principalsarwansingh@gmail.com


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਸੰਜੀਵਨ ਲਿਖਤ ਨੁਕੜ-ਨਾਟਕ 'ਸਫਾਈ' ਨੇ ਕੀਤੀ ਚੌਗਿਰਦੇ, ਰਿਸ਼ਤਿਆਂ ਅਤੇ ਸਭਿਆਚਾਰ ਵਿਚ ਸਵੱਛਤਾ ਦੀ ਗੱਲ



ਨਗਰ ਨਿਗਮ ਮੁਹਾਲੀ ਦੀ ਸਵੱਛ ਭਾਰਤ ਜਾਗੁਰਕ ਰੈਲੀ ਉਪਰੰਤ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਕਾਰਜਸ਼ੀਲ ਸਰਘੀ ਕਲਾ ਕੇਂਦਰ ਵੱਲੋਂ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਲਿਖਤ ਤੇ ਨਿਰਦੇਸ਼ਤ ਨੁਕੜ-ਨਾਟਕ 'ਸਫਾਈ' ਦਾ ਸੱਤਵਾਂ ਮੰਚਣ ਨਗਰ ਨਿਗਮ ਦੇ ਮੇਅਰ ਸ੍ਰੀ ਅਮਰਜੀਤ ਸਿੰਘ ਜੀਤੀ ਸਿੱਧੂ ਤੇ ਕਮਿਸ਼ਨਰ ਸ੍ਰੀ ਕਮਲ ਕੁਮਾਰ ਗਰਗ ਤੋਂ ਇਲਾਵਾ ਨਗਰ ਨਿਗਮ ਦੇ ਕੌਸਲਰਾਂ, ਅਧਿਕਾਰੀਆਂ, ਕਰਮਚਾਰੀਆਂ ਤੇ ਸ਼ਹਿਰ ਵਾਸੀਆਂ ਭੱਰਵੇਂ ਇਕੱਠ ਵਿਚ ਕੀਤਾ।

ਨੁਕੜ-ਨਾਟਕ 'ਸਫਾਈ' ਨੇ ਨਾ ਸਿਰਫ ਆਲੇ-ਦੁਆਲੇ ਅਤੇ ਚੌਗਿਰਦੇ ਦੀ ਸਵੱਛਤਾ ਦੀ ਗੱਲ ਕੀਤੀ ਬਲਕਿ ਰਿਸ਼ਤੇ-ਨਾਤਿਆਂ ਅਤੇ ਸਭਿਆਚਾਰ ਦੀ ਸਵੱਛਤਾ ਦੀ ਬਾਤ ਵੀ ਪਾਈ। ਨਾਟਕ ਇਕ ਅਜਿਹੇ ਐਨ.ਆਰ.ਆਈ. ਪੀਟਰ ਉਰਫ ਪ੍ਰੀਤਮ ਸਿੰਘ ਦੇ ਇਰਧ-ਗਿਰਧ ਘੁੰਮਦਾ ਹੈ ਜੋ ਕੈਨੇਡਾ ਵਿਚ ਤਾਂ ਗਾਰਬੇਜ਼ ਡਸਟਬੀਨ ਵਿਚ ਸੁੱਟਦਾ ਹੈ ਪਰ ਆਪਣੇ ਮੁਲਕ ਇੰਡੀਆ ਵਿਚ ਕਿਤੇ ਵੀ ਵਗਾਹ ਮਾਰਦਾ ਹੈ ।ਕੈਨੇਡਾ ਦੀ ਤਾਰੀਫ਼ਾ ਦੇ ਪੁੱਲ ਬੰਨਦਾ ਹੈ।ਪਰ ਆਪਣੇ ਮੁਲਕ ਨੂੰ ਡਸਟਬੀਨ ਸਮਝਦਾ ਹੈ।ਆਪਣੇ ਵਤਨ ਨੂੰ ਪਿਆਰ ਕਰਦੇ ਅਤੇ ਸੁਧਾਰ ਕਰਨ ਦੇ ਯਤਨ ਕਰ ਰਹੇ ਸਫਾਈ ਕਰਮਚਾਰੀ ਮੀਤਾ ਅਤੇ ਮੀਤੋ ਉਸ ਨੂੰ ਫਿਟ-ਲਾਹਣਤਾਂ ਪਾਉਂਦੇ ਕਹਿੰਦੇ ਹਨ ਤੁਸੀਂ ਲੋਕ ਕੈਨੇਡੀਅਨ ਹੋਣ 'ਤੇ ਮਾਨ ਤਾਂ ਮਹਿਸੂਸ ਕਰਦੇ ਹੋ, ਪਰ ਕਦੇ ਭਾਰਤੀ ਬਣ ਕੇ ਤਾਂ ਵੇਖੋ, ਕਦੇ ਆਪਣੀ ਮਾਂ ਦੇ ਪੁੱਤ ਬਣਕੇ ਤਾਂ ਵੇਖੋ, ਫੇਰ ਤੁਹਾਨੂੰ ਆਪਣਾਂ ਘਰ ਛੱਡ ਕੇ ਬੇਗਾਨੇ ਦਰ ਖੜਕਾਉਣ ਦੀ ਲੋੜ ਨੀ ਪੈਣੀ।ਨਾਟਕ ਵਿਚ ਸਰਘੀ ਪ੍ਰੀਵਾਰ ਦੇ ਰੰਗਕਰਮੀ ਮਨੀ,ਰਿੱਤੂਰਾਗ ਕੌਰ, ਜਸਦੀਪ ਜੱਸੂ, ਬਾਦਲ ਸੈਣੀ ਤੇ ਹਰਇੰਦਰ ਹਰ ਵੱਖ-ਵੱਖ ਕਿਰਦਾਰਾਂ ਦੇ ਰੂਪ ਵਿਚ ਖ਼ੂਬ ਨਿਭੇ।


ਫ਼ਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

4165618882, 4164544587

1947 ਦੀ ਭਾਰਤ-ਪਾਕ ਵੰਡ ਦੇ ਵਿਸ਼ੇਸ਼ ਸੰਦਰਭ 'ਚ

# 'ਅੱਲੋ ਸੱਕਾ' ਤੇ 'ਬਾਵਾ ਫ਼ਕੀਰ' ਦੀ ਕਹਾਣੀ - ਮੇਰੀ ਜ਼ੁਬਾਨੀ



ਕੈਪਟਨ ਇਕਬਾਲ ਸਿੰਘ ਵਿਰਕ
ਫ਼ੋਨ: 637-631-9445

ਇਹ ਕਹਾਣੀ ਭਾਰਤ ਪਾਕਿਸਤਾਨ ਦੀ 15 ਅਗਸਤ 1947 ਦੀ ਵੰਡ ਤੋਂ ਪਹਿਲਾਂ ਦੀ ਹੈ। 'ਅੱਲੋ ਸੱਕਾ' ਨਾਂ ਦਾ ਇਕ ਸ਼ਖ਼ਸ ਮੁਸਲਮਾਨ ਪਰਿਵਾਰ ਵਿੱਚੋਂ ਸੀ ਅਤੇ 'ਬਾਵਾ ਫ਼ਕੀਰ' ਵੀ ਮੁਸਲਮਾਨ ਹੀ ਸੀ ਪਰ ਕਹਾਣੀਆਂ ਦੋਹਾਂ ਦੀਆਂ ਵੱਖਰੀਆਂ ਹਨ। ਅੱਲੋ ਸੱਕਾ ਦੇ ਪਰਿਵਾਰ ਦਾ ਘਰ ਸਾਡੀ ਗਲ਼ੀ ਵਿਚ ਸਾਡੇ ਘਰ ਤੋਂ ਲੱਗਭੱਗ ਦੋ ਸੌ ਗਜ਼ ਦੀ ਦੂਰੀ 'ਤੇ ਸੀ। ਉਸ ਦਾ ਤੇ ਉਸ ਦੇ ਭਰਾਵਾਂ ਦੇ ਘਰ ਛੋਟੇ-ਛੋਟੇ ਸਨ ਅਤੇ ਇਹ ਸਾਰੇ ਥੋੜ੍ਹੇ ਜਿਹੇ ਥਾਂ ਵਿਚ ਹੀ ਬਣੇ ਹੋਏ ਸਨ। ਅੱਲੋ ਸੱਕਾ ਆਪ ਪਿੰਡ ਵਿਚ ਪਾਣੀ ਭਰਨ ਦਾ ਕੰਮ ਕਰਦਾ ਸੀ। ਉਦੋਂ ਨਲਕੇ ਕਿਸੇ ਵਿਰਲੇ ਘਰ ਵਿਚ ਹੀ ਸਨ। ਸਾਡੇ ਘਰ ਦੇ ਨੇੜੇ ਹੀ ਇਕ ਖੂਹੀ ਹੁੰਦੀ ਸੀ ਅਤੇ ਅੱਲਾ ਸੱਕਾ ਉੱਥੋਂ ਪਾਣੀ ਭਰ ਕੇ ਘਰੋ-ਘਰੀ ਪਹੁੰਚਾਉਂਦਾ ਸੀ। ਪਿੰਡ ਵਿਚ ਇਕ ਖੂਹ ਵੀ ਸੀ ਜੋ ਸਾਡੇ ਘਰੋਂ ਥੋੜ੍ਹਾ ਦੂਰ ਪੈਂਦਾ ਸੀ। ਖੂਹਾਂ ਦੇ ਪਾਣੀ ਉਦੋਂ ਬਹੁਤੇ ਡੂੰਘੇ ਨਹੀਂ ਹੁੰਦਾ ਸਨ। ਅੱਲੋ ਸੱਕਾ ਦੋ ਬਲਦਾਂ ਨੂੰ ਜੋੜ ਕੇ ਚਮੜੇ ਦੇ ਬਣੇ ਹੋਏ ਬੋਕੇ ਨਾਲ ਉਸ ਖੂਹ ਵਿਚੋਂ ਪਾਣੀ ਬਾਹਰ ਕੱਢਦਾ ਸੀ ਅਤੇ ਉਸ ਨੂੰ ਲੋਹੇ ਦੀ ਬਣੀ ਇਕ ਟੈਂਕੀ ਵਿਚ ਇਕੱਠਾ ਕਰ ਲੈਂਦਾ ਸੀ। ਫਿਰ ਮੋਢੇ 'ਤੇ ਪਾਏ ਹੋਏ ਪਟੇ ਨਾਲ਼ ਬੰਨ੍ਹੀ ਹੋਈ ਮਸ਼ਕ ਵਿਚ ਟੈਕੀ ਤੋਂ ਪਾਣੀ ਭਰ ਕੇ ਉਹ ਘਰਾਂ ਵਿਚ ਜਾ ਕੇ ਲੋਕਾਂ ਦੇ ਘੜੇ ਭਰਦਾ ਸੀ। ਇਕ ਮਸ਼ਕ ਨਾਲ ਤਕਰੀਬਨ ਤਿੰਨ ਘੜੇ ਭਰ ਜਾਂਦੇ ਸਨ। ਮਸ਼ਕ ਵਿੱਚੋਂ ਚੋਂਦੇ ਪਾਣੀ ਨਾਲ ਅੱਲੋ ਸੱਕਾ ਦੀ ਢੂਈ ਹਾੜ-ਸਿਆਲ਼ ਗਿੱਲੀ ਹੀ ਰਹਿੰਦੀ। ਮੈਨੂੰ ਉਸ ਵੱਲ ਵੇਖ ਕੇ ਬੜਾ ਤਰਸ ਆਉਂਦਾ, ਖ਼ਾਸ ਕਰਕੇ ਸਰਦੀਆਂ ਵਿਚ ਜਦੋਂ ਠੰਢ ਵੀ ਵਾਹਵਾ ਹੁੰਦੀ।

ਸਾਡੇ ਪਰਿਵਾਰ ਵਾਲੇ 15 'ਤੌੜੇ' (ਘੜੇ) ਰੋਜ਼ਾਨਾ ਭਰਨ ਦੇ ਉਸ ਨੂੰ ਮਹੀਨੇ ਦੇ ਦੋ ਰੁਪਏ ਦਿੰਦੇ ਸਨ। ਉਦੋਂ ਦੋ ਰੁਪਏ ਵੀ ਬੜੀ ਵੱਡੀ ਰਕਮ ਸਮਝੀ ਜਾਂਦੀ ਸੀ। ਸਸਤੇ ਜ਼ਮਾਨੇ ਸਨ, ਦੋ ਆਨੇ ਦਾ ਤਾਂ 'ਤੌੜਾ' ਆ ਜਾਂਦਾ ਸੀ। ਅਸੀਂ ਅੱਲੋ ਸੱਕੇ ਨੂੰ ਹਾੜੀ-ਸਾਉਣੀ 'ਦਾਣਾ-ਫੱਕਾ' ਵੀ ਦੇ ਦਿੰਦੇ ਸੀ। ਹਾੜੀ ਦੇ ਸਮੇਂ ਕਣਕ ਦੀ ਵਢਾਈ ਮੌਕੇ ਅੱਲੋ ਸੱਕਾ ਖੇਤਾਂ ਵਿਚ ਵਾਢਿਆਂ ਨੂੰ ਪਾਣੀ ਪਿਆਉਣ ਦਾ ਕੰਮ ਵੀ ਕਰਦਾ ਸੀ। ਲੋਕਾਂ ਨੇ ਖੇਤਾਂ ਵਿਚ ਤੌੜੇ ਰੱਖੇ ਹੁੰਦੇ ਸਨ ਅਤੇ ਅੱਲੋ ਸੱਕੇ ਨੇ ਉਹ ਭਰ ਜਾਣੇ ਅਤੇ ਵਾਢਿਆਂ ਨੂੰ ਉਸ ਨੇ ਮਸ਼ਕ ਵਿੱਚੋਂ ਬੁੱਕਾਂ ਨਾਲ ਠੰਢਾ ਪਾਣੀ ਪਿਆ ਜਾਣਾ। ਪਿੰਡ ਦੇ ਸਾਰੇ ਘਰ ਉਸ ਨੂੰ ਕਣਕ ਦੀ ਇਕ-ਇਕ ਭਰੀ ਦਿੰਦੇ ਸਨ। ਉਹ ਭਰੀਆਂ ਇਕੱਠੀਆਂ ਕਰ ਲੈਂਦਾ ਅਤੇ ਇਸ ਤਰ੍ਹਾਂ ਉਸ ਦੇ ਸਾਲ ਜੋਗੇ ਦਾਣੇ ਬਣ ਜਾਂਦੇ ਸਨ। ਉਦੋਂ ਝੋਨਾ ਕੋਈ ਵੀ ਨਹੀਂ ਸੀ ਬੀਜਦਾ ਅਤੇ ਸਾਉਣੀ ਦੀ ਮੁੱਖ ਫ਼ਸਲ ਮੱਕੀ ਤੇ ਕਪਾਹ ਹੀ ਹੁੰਦੀ ਸੀ।

ਆਖ਼ਰ 15 ਅਗਸਤ 1947 ਦਾ ਉਹ ਮਨਹੂਸ ਦਿਨ ਆ ਗਿਆ ਜਦੋਂ ਦੋ ਨੇਤਾਵਾਂ ਵਿਚਕਾਰ ਕੁਰਸੀ ਦੀ ਜ਼ਿਦ ਸਦਕਾ ਸਾਡੇ ਦੇਸ਼ ਹਿੰਦੋਸਤਾਨ ਦੇ ਦੋ ਟੁਕੜੇ ਹੋ ਗਏ। ਮੈਨੂੰ ਉਹ ਦਿਨ ਕਦੇ ਵੀ ਨਹੀਂ ਭੁੱਲਿਆ ਅਤੇ ਨਾ ਹੀ ਇਹ ਕਦੇ ਭੁੱਲ ਸਕਦਾ ਹੈ ਜਦੋਂ ਅੱਲੋ ਸੱਕੇ ਦੀ 11 ਵਰ੍ਹਿਆਂ ਦੀ ਗੋਰੀ ਨਿਛੋਹ ਲੜਕੀ ਮੇਰੀ ਚਾਚੀ ਕੋਲ ਖੜੀ ਰੋ-ਰੋ ਕੇ ਆਖ ਰਹੀ ਸੀ,"ਅੰਮਾਂ, ਤੂੰ ਮੈਨੂ ਏਥੇ ਰੱਖ ਲੈ। ਮੈਂ ਤੇਰਾ ਮੁੰਡਾ ਖਿਡਾਅ ਛੱਡਿਆ ਕਰੂੰਗੀ।" 'ਅੰਮਾ' ਉਹ ਮੇਰੀ ਚਾਚੀ ਨੂੰ ਕਹਿੰਦੀ ਹੁੰਦੀ ਸੀ। ਮੇਰੇ ਚਾਚੇ ਦਾ ਮੁੰਡਾ ਉਦੋਂ ਛੇ ਕੁ ਮਹੀਨੇ ਦਾ ਸੀ ਅਤੇ ਉਹ ਚਾਚੀ ਨੂੰ ਉਹ ਮੁੰਡਾ ਖਿਡਾਉਣ ਲਈ ਹੀ ਉੱਥੇ ਰੱਖਣ ਲਈ ਤਰਲੇ ਮਾਰ ਰਹੀ ਸੀ। ਉਹ ਹੁਣ ਪੋਤਿਆਂ ਵਾਲਾ ਹੋ ਚੁੱਕਾ ਹੈ। ਜਦੋਂ ਉਹ ਮੇਰੀ ਚਾਚੀ ਦੇ ਗਲ਼ ਲੱਗ ਕੇ ਤਰਲੇ ਪਾ ਰਹੀ ਸੀ ਤਾਂ ਮੈਂ ਉਦੋਂ ਕੋਲ਼ ਹੀ ਖੜਾ ਸੀ। ਉਹ ਮੇਰੇ ਨਾਲ਼ੋਂ ਕੁਝ ਵੱਡੀ ਸੀ ਪਰ ਖੇਡਦੀ ਸਾਡੇ ਨਾਲ ਹੀ ਹੁੰਦੀ ਸੀ।

1947 ਦੀ ਭਾਰਤ-ਪਾਕ ਵੰਡ ਦਾ ਪਤਾ ਮੈਨੂੰ ਸਵੇਰੇ ਉਸ ਦਿਨ ਲੱਗਾ ਸੀ ਜਦੋਂ ਅੱਲੋ ਸਕਾ, ਉਸ ਦਾ ਪਰਿਵਾਰ ਦੇ ਜੀਅ ਅਤੇ ਸਾਕ-ਸਬੰਧੀ ਘਰੇਲੂ ਸਮਾਨ ਦੀਆਂ ਗੰਢੜੀਆਂ ਬੰਨ੍ਹ ਕੇ ਆਪਣੇ ਗਧਿਆਂ-ਘੋੜਿਆਂ 'ਤੇ ਲੱਦ ਕੇ ਅਤੇ ਕਈ ਹੋਰ ਗੱਡੇ-ਗੱਡੀਆਂ ਵਿਚ ਰੱਖ ਕੇ ਆਪ ਪੈਦਲ ਤੁਰਦੇ ਹੋਏ ਪਿੰਡੋਂ ਪਤਾ ਨਹੀਂ ਕਿੰਨੀ ਕੁ ਦੂਰ ਜਾ ਚੁੱਕੇ ਸਨ। ਅੱਲੋ ਸੱਕੇ ਦੀ ਲੜਕੀ 'ਨੂਰਾਂ' ਆਪਣੇ ਪਰਿਵਾਰ ਤੋਂ ਅੱਖ ਚੁਰਾ ਕੇ ਸਵੇਰੇ-ਸਵੇਰ ਹੀ ਸਾਡੇ ਘਰ ਆ ਗਈ ਸੀ। ਮੈਂ ਅੱਜ ਵੀ ਇਹ ਸੋਚਦਾ ਹਾਂ ਕਿ ਅੱਲੋ ਸੱਕਾ ਅਤੇ ਉਹਦੇ ਵਰਗੇ ਹੋਰ ਗ਼ਰੀਬਾਂ-ਗੁਰਬਿਆਂ ਨੇ ਭਲਾ ਸਾਨੂੰ ਕੀ ਆਖਣਾ ਸੀ। ਉਨ੍ਹਾਂ ਦਾ ਕਸੂਰ ਸਿਰਫ਼ ਏਨਾ ਹੀ ਸੀ ਕਿ ਉਹ ਮੁਸਲਮਾਨ ਸਨ। ਸਾਡੇ ਪਰਿਵਾਰ ਵਾਲਿਆਂ ਨੇ ਨੂਰਾਂ ਦੀ ਫ਼ਰਿਆਦ ਸੁਣ ਕੇ ਉਸ ਨੂੰ ਚਾਚੇ ਦੇ ਪੁੱਤਰ ਦੀ ਖਿਡਾਵੀ ਦੇ ਤੌਰ 'ਤੇ ਰੱਖ ਲਿਆ। ਉਸ ਨੂੰ ਧੀਆਂ ਵਾਲਾ ਪਿਆਰ ਦਿੱਤਾ ਅਤੇ ਫਿਰ ਆਪਣੀ ਧੀ ਮੰਨਦਿਆਂ ਹੋਇਆਂ ਨੇੜਲੇ ਪਿੰਡ ਦੇ ਇਕ ਮੁਸਲਿਮ ਪਰਿਵਾਰ ਵਿਚ ਮੰਗਿਆ ਤੇ ਵਿਆਹਿਆ। ਉਹ ਸਾਰੀ ਉਮਰ ਉਹ ਉਸ ਨੂੰ ਧੀਆਂ ਵਾਂਗ ਮੰਨਦੇ ਰਹੇ।

ਹੁਣ ਤੁਹਾਨੂੰ ਮੈਂ ਦੂਸਰੇ ਸ਼ਖ਼ਸ ਬਾਵਾ ਫ਼ਕੀਰ ਦੀ ਜੀਵਨ-ਕਹਾਣੀ ਬਾਰੇ ਦੱਸਣਾ ਚਾਹਾਂਗਾ। ਇਹ ਵੀ ਸੱਭ ਮੇਰੇ ਸਾਹਮਣੇ ਵਾਪਰਿਆ ਸੀ ਜਿਸ ਦਾ ਮੈਂ ਚਸ਼ਮਦੀਦ ਗਵਾਹ ਹਾਂ। ਮੈਂ ਉਦੋਂ ਸਾਢੇ ਕੁ ਛੇ ਸਾਲਾਂ ਦਾ ਸਾਂ। ਬਾਵਾ ਫ਼ਕੀਰ ਦੇ ਘਰ ਨੂੰ ਸਾਰੇ 'ਫ਼ਕੀਰਾਂ ਦਾ ਘਰ' ਕਹਿੰਦੇ ਸਨ। ਉਨ੍ਹਾਂ ਦੇ ਵਿਹੜੇ ਵਿਚ ਦੋ ਘਰ ਸਨ ਅਤੇ ਬਾਵਾ ਫ਼ਕੀਰ ਦਾ ਘਰ ਉਨ੍ਹਾਂ ਦੋਹਾਂ ਵਿੱਚੋਂ ਵੱਡਾ ਸੀ। ਉਸ ਦੀਆਂ ਦੋ ਸ਼ਾਦੀਆਂ ਸਨ ਅਤੇ ਪਹਿਲੀ ਬੇਗ਼ਮ ਦਾ ਨਾਂ 'ਰਹਿਮੋ' ਅਤੇ ਦੂਸਰੀ 'ਮੁਰਾਦੋ' ਸੀ। ਰਹਿਮੋ ਦੀ ਕੋਈ ਔਲ਼ਾਦ ਨਹੀਂ ਸੀ ਅਤੇ ਦੂਸਰੀ ਬੇਗ਼ਮ ਮੁਰਾਦੋ ਦਾ ਇਕ ਲੜਕਾ ਸੀ ਜਿਸ ਦਾ ਨਾਂ ਤਾਲਿਬ ਸੀ। ਉਸ ਦੀ ਉਮਰ ਉਦੋਂ ਲੱਗਭੱਗ 11 ਸਾਲ ਸੀ। ਰਹਿਮੋ, ਬਾਵਾ ਫ਼ਕੀਰ ਅਤੇ ਉਸ ਦੇ ਪਰਿਵਾਰ ਨੇ ਬਟਵਾਰੇ ਸਮੇ ਭਾਰਤ ਵਿਚ ਹੀ ਰਹਿਣ ਦਾ ਫ਼ੈਸਲਾ ਕੀਤਾ। ਮੁਰਾਦੋ ਨੇ ਬਾਅਦ ਵਿਚ ਤਿੰਨ ਹੋਰ ਲੜਕਿਆਂ ਨੂੰ ਜਨਮ ਦਿੱਤਾ। ਬਾਵਾ ਫ਼ਕੀਰ ਮੇਰੇ ਚਾਚੇ ਨਾਲੋਂ ਦਸ ਸਾਲ ਵੱਡਾ ਸੀ ਅਤੇ ਉਹ ਉਨ੍ਹਾਂ ਨਾਲ ਮੱਝਾਂ-ਗਾਵਾਂ ਦਾ ਵਪਾਰ ਕਰਦਾ ਸੀ। ਬਾਵਾ ਫ਼ਕੀਰ ਦਾ ਸਾਲਾ ਮੇਰੇ ਚਾਚੇ ਨਾਲ ਸੀਰੀ ਸੀ। ਉਹ ਬਾਵਾ ਫਕ਼ੀਰ ਦੀ ਪਹਿਲੀ ਬੇਗ਼ਮ ਰਹਿਮੋ ਦਾ ਸਕਾ ਭਰਾ ਸੀ ਅਤੇ ਆਪਣੀ ਭੈਣ ਕੋਲ ਹੀ ਰਹਿੰਦਾ ਸੀ। ਉਸ ਸਮੇਂ ਸਾਡੇ ਪਰਿਵਾਰ ਦੀ ਜ਼ਮੀਨ 25 ਏਕੜ ਸੀ। ਮੇਰੇ ਪਿਤਾ ਜੀ ਉਸ ਸਮੇਂ ਮੋਗੇ ਥਾਣੇ ਵਿਚ ਮੁਲਾਜ਼ਮ ਸਨ। ਇਕ ਦਿਨ ਮੇਰੇ ਪਿੰਡ ਦੇ ਦੋ ਆਦਮੀ ਮੋਗੇ ਪਿਤਾ ਜੀ ਕੋਲ ਗਏ ਅਤੇ ਉਨ੍ਹਾਂ ਨੂੰ ਲਾਲਚ ਦਿੰਦਿਆਂ ਹੋਇਆਂ ਕਹਿਣ ਲੱਗੇ ਕਿ ਅਸੀਂ ਬਾਵਾ ਫ਼ਕੀਰ ਨੂੰ ਮਾਰ ਦਿੰਦੇ ਹਾਂ ਅਤੇ ਉਸ ਦੇ ਘਰੋਂ ਜੋ ਵੀ ਮਾਲ-ਮੱਤਾ ਮਿਲੇਗਾ, ਉਹ ਆਪਾਂ ਅੱਧਾ-ਅੱਧਾ ਕਰ ਲਵਾਂਗੇ। ਮੇਰੇ ਪਾਪਾ ਨੇ ਅੱਗੋਂ ਕਿਹਾ, "ਜੇਕਰ ਤੁਸੀਂ ਉਸ ਨੂੰ ਜ਼ਰਾ ਵੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਤੁਹਾਨੂੰ ਦੋਹਾਂ ਨੂੰ ਨਹੀਂ ਛੱਡਾਂਗਾ। ਭਲਿਓਮਾਣਸੋ! ਸਾਰੀ ਉਮਰ ਅਸੀਂ ਬਾਵਾ ਫ਼ਕੀਰ ਨਾਲ ਮਿਲਦੇ-ਵਰਤਦੇ ਰਹੇ। ਉਸ ਦੇ ਨਾਲ ਸਾਡਾ ਮੱਝਾ ਦਾ ਵਪਾਰ ਸਾਂਝਾ ਰਿਹਾ ਅਤੇ ਇਹ ਹੁਣ ਵੀ ਚੱਲ ਰਿਹਾ ਹੈ ਤੇ ਤੁਸੀਂ ਮੇਰੇ ਨਾਲ ਉਸ ਨੂੰ ਮਾਰਨ ਦੀ ਗੱਲ ਕਰ ਰਹੇ ਹੋ। ਤੁਸੀਂ ਇਹ ਕੀ ਸੋਚ ਕੇ ਮੇਰੇ ਕੋਲ ਆਏ ਹੋ? ਜਾਓ, ਦਫ਼ਾ ਹੋ ਜਾਓ ਇੱਥੋਂ ਅਤੇ ਕਦੇ ਭੁੱਲ ਕੇ ਵੀ ਅਜਿਹਾ ਨਾ ਸੋਚਿਓ।" ਪਾਪਾ ਕੋਲ ਉਸ ਸਮੇਂ ਲਾਇਸੰਸੀ ਰਿਵਾਲਵਰ ਹੁੰਦਾ ਸੀ। ਉਹ ਦੋਵੇਂ ਹੀ ਡਰ ਗਏ ਅਤੇ ਉਨ੍ਹਾਂ ਦਾ ਹੀਆ ਨਾ ਪਿਆ ਕਿ ਉਹ ਬਾਵਾ ਫ਼ਕੀਰ ਨੂੰ ਕੋਈ ਨੁਕਸਾਨ ਪਹੁੰਚਾਉਂਦੇ। ਬਾਅਦ ਵਿਚ ਉਨ੍ਹਾਂ ਵਿੱਚੋਂ ਇਕ ਦਾ ਤਾਂ ਪਰਿਵਾਰ ਬਿਲਕੁਲ ਉੱਜੜ-ਪੁੱਜੜ ਗਿਆ ਅਤੇ ਦੂਸਰੇ ਦੇ ਦੋ ਜਵਾਨ ਪੁੱਤਰਾਂ ਵਿੱਚੋਂ ਇਕ ਮਰ ਗਿਆ ਤੇ ਦੂਸਰਾ ਪਿੰਡ ਛੱਡ ਕੇ ਪਤਾ ਨਹੀਂ ਕਿਧਰ ਚਲਾ ਗਿਆ। ਉਨ੍ਹਾਂ ਦੇ ਵਿਯੋਗ ਵਿਚ ਉਹ ਆਪ ਵੀ ਜਲਦੀ ਹੀ ਇਸ ਦੁਨੀਆਂ ਤੋਂ ਚਲਾ ਗਿਆ।

15 ਅਗਸਤ ਤੋਂ ਪਹਿਲਾਂ ਅਤੇ ਉਸ ਤੋਂ ਕੁਝ ਦਿਨ ਬਾਅਦ ਚੱਲੀ 'ਕਟਾ-ਵੱਢੀ' ਦਾ ਉਹ ਦੌਰ ਜਿੰਨੇ ਦਿਨ ਚੱਲਦਾ ਰਿਹਾ, ਬਾਵਾ ਫ਼ਕੀਰ ਦਾ ਪਰਿਵਾਰ ਸਾਡੇ ਘਰ ਹੀ ਸੌਂਦਾ ਰਿਹਾ ਅਤੇ ਉੱਥੇ ਹੀ ਉਨ੍ਹਾਂ ਰੋਟੀ-ਪਾਣੀ ਚੱਲਦਾ ਰਿਹਾ। ਸਾਰਿਆਂ ਨੂੰ ਡਰ ਸੀ ਕਿ ਕੋਈ ਉਨ੍ਹਾਂ ਦਾ ਕੋਈ ਨੁਕਸਾਨ ਨਾ ਕਰ ਜਾਏ। ਬਾਵਾ ਫ਼ਕੀਰ ਦਾ ਲੜਕਾ ਤਾਲਿਬ ਜਿਸ ਦਾ ਨਾਂ ਬਾਅਦ ਵਿਚ 'ਮੋਹਣ' ਹੋ ਗਿਆ ਸੀ, ਮੇਰੇ ਨਾਲ ਹੀ ਦਲਾਨ ਦੀ ਛੱਤ 'ਤੇ ਸੌਂਦਾ ਸੀ ਅਤੇ ਮੁਰਾਦੋ ਵੀ ਰਾਤ ਨੂੰ ਉੱਥੇ ਹੀ ਸੌਂਦੀ। ਉਸ ਤੋਂ ਕੁਝ ਦਿਨਾਂ ਬਾਅਦ ਹੀ ਭਾਰਤ-ਪਾਕਿਸਤਾਨ ਦੀ ਵੰਡ ਦਾ ਬਾਕਾਇਦਾ ਐਲਾਨ ਹੋ ਗਿਆ। ਰਹਿਮੋ ਦਾ ਭਰਾ ਆਪਣੇ ਪਰਿਵਾਰ ਨਾਲ ਪਾਕਿਸਤਾਨ ਜਾਣ ਲਈ ਤਿਆਰ ਹੋ ਗਿਆ ਅਤੇ ਰਹਿਮੋ ਦੁਚਿੱਤੀ ਵਿਚ ਸੀ ਕਿ ਉਹ ਕੀ ਕਰੇ। ਕਦੇ ਉਹ ਪੇਕਿਆਂ ਦੇ ਪਰਿਵਾਰ ਨਾਲ ਜਾਣ ਦੀ ਸੋਚਦੀ ਅਤੇ ਦੂਸਰੇ ਹੀ ਪਲ ਆਪਣੇ ਖ਼ਾਵੰਦ ਬਾਵਾ ਫ਼ਕੀਰ ਦੇ ਨਾਲ ਹੀ ਰਹਿਣ ਦਾ ਮਨ ਬਣਾਉਂਦੀ ਜੋ ਸਾਡੇ ਪਿੰਡ ਹੀ ਰਹਿਣ ਦਾ ਪੱਕਾ ਫ਼ੈਸਲਾ ਕਰ ਚੁੱਕਾ ਸੀ। ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਦਾ ਭਰਾ ਅਤੇ ਪਰਿਵਾਰ ਦੇ ਜੀਅ ਕਾਫ਼ਲੇ ਵਿਚ ਜੀ.ਟੀ. ਰੋਡ ਦੇ ਨਾਲ਼ ਨਾਲ਼ ਜਾ ਰਹੇ ਹਨ। ਉਸ ਨੂੰ ਇਹ ਵੀ ਪਤਾ ਸੀ ਕਿ ਮੇਰੇ ਪਾਪਾ ਦੀ ਡਿਊਟੀ ਮੋਗੇ ਤੋਂ ਫ਼ਿਰੋਜ਼ਪੁਰ ਤੱਕ ਇਨ੍ਹਾਂ ਕਾਫ਼ਲੇ ਦੀ ਸੁਰੱਖਿਆਂ ਲਈ ਲੱਗੀ ਹੋਈ ਸੀ। ਉਸ ਦੇ ਮਨ ਵਿਚ ਆਇਆ ਕਿ ਕਿਉਂ ਨਾ ਉਹ ਆਪਣੇ ਭਰਾ ਤੇ ਉਸ ਦੇ ਪਰਿਵਾਰ ਨੂੰ ਜਾਂਦੇ ਸਮੇਂ ਆਖ਼ਰੀ ਵਾਰ ਮਿਲ ਲਵੇ। ਉਸ ਨੇ ਕਿਸੇ ਦੇ ਰਾਹੀਂ ਪਾਪਾ ਨੂੰ ਸੁਨੇਹਾ ਭੇਜਿਆ ਕਿ ਜਦੋਂ ਮੇਰਾ ਪੇਕਾ ਪਰਿਵਾਰ ਡੰਗਰੂ ਪਿੰਡ ਥਾਣੀਂ ਸੜਕ ਤੋਂ ਲੰਘੇ ਤਾਂ ਉਹ ਉਸ ਨੂੰ ਉਨ੍ਹਾਂ ਦੇ ਨਾਲ ਇਕ ਵਾਰ ਜ਼ਰੂਰ ਮਿਲਵਾ ਦੇਣ। ਰਫ਼ਿਊਜੀਆਂ ਦੇ ਇਹ ਕਾਫ਼ਲੇ ਰਾਤ ਸਮੇਂ ਸੜਕਾਂ ਦੇ ਕਿਨਾਰੇ ਰੁਕ ਜਾਂਦੇ ਸਨ ਅਤੇ ਅਗਲੀ ਸਵੇਰ ਮੁੜ ਅੱਗੇ ਚੱਲ ਪੈਂਦੇ ਸਨ। ਇਕ ਰਾਤ ਜਦੋਂ ਮੇਰੇ ਪਾਪਾ ਜਦੋਂ ਹੋਰ ਪੋਲੀਸ ਮੁਲਾਜ਼ਮਾਂ ਨਾਲ ਕਾਫ਼ਲੇ ਦੇ ਆਸੇ-ਪਾਸੇ ਗਸ਼ਤ ਕਰ ਰਹੇ ਸਨ ਤਾਂ ਜੀ.ਟੀ. ਰੋਡ ਦੇ ਕੰਢੇ ਉਨ੍ਹਾਂ ਨੂੰ ਰਹਿਮੋ ਦਾ ਭਰਾ ਅਚਾਨਕ ਮਿਲ ਪਿਆ। ਪਾਪਾ ਜੀ ਰਾਤ ਹੀ ਪਿੰਡ ਆਏ ਜੋ ਡੰਗਰੂ ਤੋਂ ਸਵਾ ਕੁ ਮੀਲ ਦੂਰ ਸੀ। ਉਹ ਰਹਿਮੋ ਅਤੇ ਬਾਵਾ ਫ਼ਕੀਰ ਨੂੰ ਨਾਲ ਲੈ ਕੇ ਕਾਫਲੇ ਕੋਲ ਆਏ ਅਤੇ ਉਨ੍ਹਾਂ ਰਹਿਮੋ ਨੂੰ ਉਸ ਦੇ ਭਰਾ ਨਾਲ ਮਿਲਾਇਆ। ਪਾਪਾ ਜੀ ਅਤੇ ਬਾਵਾ ਫ਼ਕੀਰ ਸੜਕ ਤੋਂ ਥੋੜ੍ਹੀ ਜਿਹੀ ਦੂਰ ਬੈਠ ਗਏ। ਜਦੋਂ ਚਾਰ ਕੁ ਘੰਟੇ ਲੰਘਣ ਬਾਅਦ ਵੀ ਰਹਿਮੋ ਆਪਣੇ ਭਰਾ ਨੂੰ ਮਿਲ ਕੇ ਵਾਪਸ ਨਾ ਆਈ ਤਾਂ ਉਨ੍ਹਾਂ ਨੂੰ ਸ਼ੱਕ ਹੋ ਗਿਆ ਕਿ ਰਹਿਮੋ ਨੂੰ ਉਸ ਦੇ ਭਰਾ ਨੇ ਕਿਤੇ ਆਪਣੇ ਨਾਲ ਪਾਕਿਸਤਾਨ ਜਾਣ ਲਈ ਨਾ ਮਨਾ ਲਿਆ ਹੋਵੇ। ਉਨ੍ਹਾਂ ਨੇ ਸਾਰੇ ਕਾਫ਼ਲੇ ਦੀ ਤਲਾਸ਼ੀ ਲਈ। ਸਾਰੇ ਗੱਡੇ ਵੀ ਵੇਖੇ ਪਰ ਰਹਿਮੋ ਕਿਤੇ ਵੀ ਉਨ੍ਹਾਂ ਨੂੰ ਨਾ ਮਿਲੀ। ਉਹ ਤਾਂ ਫ਼ਿਰੋਜ਼ਪੁਰ ਵਾਲਾ ਬਾਰਡਰ ਟੱਪ ਕੇ ਪਾਕਿਸਤਾਨ ਚਲੀ ਗਈ ਸੀ। ਉਸ ਦੇ ਦਿਲ ਵਿਚ ਇਕ ਵਾਰ ਵੀ ਆਪਣੇ ਖ਼ਾਵੰਦ ਲਈ ਮੁਹੱਬਤ ਨਾ ਜਾਗੀ। ਇਸ ਦਾ ਕਾਰਨ ਇਹ ਵੀ ਹੋ ਸਕਦਾ ਸੀ ਕਿ ਉਸ ਦਾ ਆਪਣਾ ਕੋਈ ਬੱਚਾ ਨਹੀਂ ਸੀ ਅਤੇ ਏਸੇ ਲਈ ਉਸ ਦਾ ਆਪਣੇ ਪੇਕਿਆਂ ਵੱਲ ਕਾਫ਼ੀ ਧਿਆਨ ਰਹਿੰਦਾ ਸੀ। ਉਸ ਨੇ ਇਕ ਦਿਨ ਆਪਣੇ ਖ਼ਾਵੰਦ ਨੂੰ ਕਿਹਾ ਵੀ ਸੀ ਕਿ ਮੈਂ ਤਾਲਿਬ ਨੂੰ ਆਪਣੇ ਨਾਲ ਪਾਕਿਸਤਾਨ ਲੈ ਜਾਂਦੀ ਹਾਂ ਪਰ ਬਾਵਾ ਫ਼ਕੀਰ ਇਸ ਦੇ ਲਈ ਨਹੀਂ ਸੀ ਮੰਨਿਆਂ।

ਇਸ ਤੋਂ ਠੀਕ ਪੰਜ ਸਾਲ ਬਾਅਦ 1952 ਵਿਚ ਜਦੋਂ ਇਕ ਵਾਰ ਰਹਿਮੋ ਆਪਣੇ ਖ਼ਾਵੰਦ ਅਤੇ ਪਰਿਵਾਰ ਨੂੰ ਮਿਲਣ ਲਈ ਭਾਰਤ ਆਪਣੇ ਪੁਰਾਣੇ ਪਿੰਡ ਆਈ ਤਾਂ ਉਸ ਨੇ ਦੱਸਿਆ ਸੀ ਕਿ ਉਹ ਕਿਸ ਤਰ੍ਹਾਂ ਇਕ ਗੱਡੇ ਵਿਚ ਲੁਕ ਗਈ ਸੀ ਅਤੇ ਜਦੋਂ ਥੋੜ੍ਹੇ ਦਿਨਾਂ ਬਾਅਦ ਕੁਝ 'ਟਿਕ-ਟਿਕਾਅ' ਹੋ ਗਿਆ ਤਾਂ ਉਹ ਕਾਫ਼ਲ਼ੇ ਦੇ ਨਾਲ ਬਾਰਡਰ ਟੱਪ ਕੇ ਪਾਕਿਸਤਾਨ ਚਲੀ ਗਈ ਸੀ। ਬਾਵਾ ਫ਼ਕੀਰ ਦੀ ਦੂਸਰੀ ਬੇਗਮ ਮੁਰਾਦੋ ਬਾਅਦ ਵਿਚ ਲੋਕਾਂ ਨੂੰ 'ਪੁੱਛਣਾਂ' ਦੇਣ ਲੱਗ ਪਈ। ਉਸ ਦੇ ਘਰ ਦੇ ਬਾਹਰਵਾਰ ਇਕ ਬਾਰੀ ਹੁੰਦੀ ਸੀ ਅਤੇ ਮੈਂ ਤੇ ਮੇਰੀ ਉਮਰ ਦੇ ਹੋਰ ਬੱਚੇ ਉਸ ਬਾਰੀ ਵਿਚ ਲਟਕ ਕੇ ਉਸ ਨੂੰ ਖੇਡਦੀ ਨੂੰ ਵੇਖਦੇ ਹੁੰਦੇ ਸੀ। ਹਰ ਵੀਰਵਾਰ ਉਸ ਦੇ ਘਰ ਪੁੱਛਣਾ ਲੈਣ ਵਾਲਿਆਂ ਦਾ ਤਾਂਤਾ ਲੱਗਾ ਹੁੰਦਾ ਸੀ ਜਿਨ੍ਹਾਂ ਵਿਚ ਜ਼ਿਆਦਾਤਰ ਗਿਣਤੀ ਬੀਬੀਆਂ ਦੀ ਹੀ ਹੁੰਦੀ ਸੀ।

ਸਮਾਂ ਬਦਲਿਆ ਅਤੇ 1958 ਵਿਚ ਮੈਂ ਭਾਰਤੀ ਫ਼ੌਜ ਵਿਚ ਭਰਤੀ ਹੋ ਗਿਆ। ਕਦੇ-ਕਦਾਈਂ ਜਦੋ ਛੁੱਟੀ ਆਉਂਦਾ ਤਾਂ ਮੈਂ ਬਹੁਤਾ ਸਮਾਂ ਆਪਣੇ ਚਾਚੇ ਦੇ ਘਰ ਹੀ ਠਹਿਰਦਾ ਸੀ। ਮੈਂ ਵੇਖਦਾ ਕਿ ਪਿੰਡ ਵਿਚ 'ਬਾਵਾ ਫ਼ਕੀਰ ਦਾ ਪਰਿਵਾਰ ਕਾਫ਼ੀ ਵੱਡਾ ਹੋ ਗਿਆ ਸੀ ਜੋ ਹੋਣਾ ਕੁਦਰਤੀ ਸੀ। ਸਮੇਂ ਨਾਲ ਉਸ ਦੇ ਬੱਚੇ ਵਿਆਹੇ ਗਏ ਸਨ ਅਤੇ ਅੱਗੋਂ ਫਿਰ ਉਨ੍ਹਾਂ ਦੇ ਬੱਚੇ ਵੀ ਵਿਆਹੇ-ਵਰੇ ਗਏ ਸਨ। ਸਾਡੇ ਪਿੰਡ 'ਡਰੌਲੀ ਭਾਈ ਕੀ' ਵਿਚ ਅੱਜ ਵੀ ਮੁਸਲਮਾਨਾਂ ਅਤੇ ਹਿੰਦੂਆਂ ਦੇ ਘਰ ਹਨ। ਸਾਡੇ ਘਰ ਦੇ ਪਿਛਲੇ ਪਾਸੇ ਬ੍ਰਾਹਮਣਾ ਦਾ ਘਰ ਹੁੰਦਾ ਸੀ ਅਤੇ ਉਸ ਸਮੇਂ ਦੇ ਪ੍ਰਚੱਲਤ ਰਿਵਾਜ ਅਨੁਸਾਰ ਉਨ੍ਹਾਂ ਦੀ ਨੂੰਹ ਸ਼ਾਂਤੀ ਜਦੋਂ ਨੇੜਲੇ ਘਰਾਂ ਵਿਚੋਂ ਪ੍ਰਸ਼ਾਦਾ ਲੈਣ ਆਉਂਦੀ ਹੁੰਦੀ ਸੀ ਤਾਂ ਮੈ ਉਸ ਨੂੰ ਕਹਿੰਦਾ ਹੁੰਦਾ ਸੀ, "ਪ੍ਰਭਾਣੀ, ਮੱਥਾ ਟੇਕਦਾਂ" ਤਾਂ ਇਹ ਮੈਨੂੰ ਬੜਾ ਚੰਗਾ ਲੱਗਦਾ ਸੀ ਅਤੇ ਅੱਗੋਂ ਉਸ ਦੇ ਮੂੰਹੋਂ "ਜਿਉਂਦਾ ਰਹੁ ਪੁੱਤਰ" ਸੁਣ ਕੇ ਬੜਾ ਖੁਸ਼ ਹੁੰਦਾ ਸੀ। ਉਨ੍ਹਾਂ ਦੇ ਮੁੰਡਿਆਂ ਦੇ ਨਾਂ ਵੀ ਅੱਧੇ-ਪਚੱਧੇ ਸਿੱਖਾਂ ਨਾਲ ਰਲ਼ਦੇ-ਮਿਲਦੇ ਹੁੰਦੇ ਸਨ। ਪੰਡਤ ਜੀ ਦਾ ਆਪਣਾ ਨਾਂ ਸੁਧ ਰਾਮ ਸੀ ਅਤੇ ਉਸ ਦਾ ਲੜਕੇ ਦੀਪ ਚੰਦ ਦੇ ਚਾਰ ਪੁੱਤਰ ਸਨ ਅਤੇ ਸੱਭ ਤੋਂ ਵੱਡਾ ਕ੍ਰਿਸ਼ਨ ਕੁਮਾਰ ਸਾਡਾ ਚੰਗਾ ਆੜੀ ਹੁੰਦਾ ਸੀ। ਪਿੰਡ ਦੀ ਧਰਮਸ਼ਾਲਾ ਵਿਚ ਬਣੇ ਚੁਬਾਰੇ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਅਤੇ ਲੋਕ ਸਵੇਰ-ਸ਼ਾਮ ਉੱਥੇ ਮੱਥਾ ਟੇਕਣ ਆਉਂਦੇ ਸਨ। ਮੱਸਿਆ, ਸੰਗਰਾਂਦ, ਗੁਰਪੁਰਬਾਂ ਅਤੇ ਹੋਰ ਦਿਨ-ਦਿਹਾਰਾਂ 'ਤੇ ਪਿੰਡ ਵਾਲਿਆਂ ਦੀ ਕਾਫ਼ੀ ਰੌਣਕ ਹੋ ਜਾਂਦੀ ਸੀ। ਪਿੰਡ ਦਾ ਹੀ ਇਕ ਭਲਾ ਆਦਮੀ ਬਿਨਾਂ ਕਿਸੇ ਤਨਖ਼ਾਹ ਅਤੇ ਲਾਲਚ ਦੇ ਉੱਥੇ ਗ੍ਰੰਥੀ ਦੀ ਸੇਵਾ ਨਿਭਾਉਂਦਾ ਹੁੰਦਾ ਸੀ। ਧਰਮਸ਼ਾਲਾ ਦੀ ਸੱਜੀ ਕੰਧ ਦੇ ਨੇੜੇ ਹੀ ਹਨੂੰਮਾਨ ਦੀ ਇਕ ਮੂਰਤੀ ਹੁੰਦੀ ਸੀ ਜਿੱਥੇ ਪਿੰਡ ਵਾਲਿਆਂ ਵੱਲੋਂ ਆਪਣੇ ਮਾਲ-ਡੰਗਰ ਅਤੇ ਸਾਰੇ ਜੀਆਂ ਦੀ ਸੁੱਖ-ਸ਼ਾਂਦ ਲਈ ਹਰ ਮੰਗਲਵਾਰ 'ਮੰਨੀ' (ਗੁੜ ਤੇ ਆਟੇ ਨਾਲ ਬਣਾਈ ਹੋਈ ਵੱਡੀ ਸਾਰੀ ਰੋਟੀ ਜਿਸ ਨੂੰ 'ਰੋਟ' ਵੀ ਕਿਹਾ ਜਾਂਦਾ ਸੀ) ਚੜ੍ਹਾਈ ਜਾਂਦੀ ਸੀ। ਉਸ ਦੇ ਨਿੱਕੇ-ਨਿੱਕੇ ਟੁਕੜੇ ਕਰਕੇ ਸਾਰਿਆਂ ਨੂੰ ਵੰਡੇ ਜਾਂਦੇ ਸਨ। ਸਾਨੂੰ ਨਿਆਣਿਆਂ ਨੂੰ ਇਸ 'ਰੋਟ ਦੀ ਬੁਰਕੀ' ਲੈਣ ਦਾ ਬੜਾ ਚਾਅ ਹੁੰਦਾ ਸੀ ਅਤੇ ਅਸੀਂ ਇਸ ਦੇ ਲਈ ਹਰ ਮੰਗਲਵਾਰ ਉੱਥੇ ਜ਼ਰੂਰ ਹਾਜ਼ਰ ਹੁੰਦੇ ਸੀ। ਇਸ ਤਰ੍ਹਾਂ ਪਿੰਡ ਦੇ ਲੋਕਾਂ ਦਾ ਆਪਸ ਵਿਚ ਬੜਾ ਹੀ ਵਧੀਆ ਭਾਈਚਾਰਾ ਬਣਿਆ ਹੋਇਆ ਸੀ। ਧਰਮਸ਼ਾਲਾ ਦਾ ਉਹ ਚੁਬਾਰਾ ਤਾਂ ਹੁਣ ਸਮੇਂ ਨਾਲ ਢੱਠ ਗਿਆ ਹੈ ਅਤੇ ਪਿੰਡ ਵਿਚ ਇਕ ਵੱਡਾ ਗੁਰਦੁਆਰਾ ਬਣ ਗਿਆ ਹੈ ਪਰ ਹਨੂੰਮਾਨ ਦੀ ਉਹ ਮੂਰਤੀ ਅਜੇ ਵੀ ਉਸ ਧਰਮਸ਼ਾਲਾ ਵਿਚ ਮੌਜੂਦ ਹੈ।

ਸਮਾਂ ਹੌਲੀ-ਹੌਲੀ ਗੁਜਰਦਾ ਗਿਆ ਅਤੇ ਬਾਵਾ ਫ਼ਕੀਰ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਿਆ ਅਤੇ ਉਸ ਤੋਂ ਕੁਝ ਸਮੇਂ ਪਿੱਛੋਂ ਉਸ ਦਾ ਪੁੱਤਰ ਤਾਲਿਬ ਜੋ ਮਗਰੋਂ 'ਮੋਹਣ' ਬਣ ਗਿਆ ਸੀ, ਵੀ ਇਸ ਜਹਾਨੋ ਤੁਰ ਗਿਆ। ਪੰਜ ਕੁ ਸਾਲ ਪਹਿਲਾਂ ਮਗਦੋ ਜੋ ਬਾਵਾ ਫ਼ਕੀਰ ਨਾਲ ਸਾਡੇ ਪਿੰਡ ਹੀ ਰਹੀ ਸੀ, ਵੀ 95 ਸਾਲ ਦੀ ਉਮਰ ਭੋਗ ਕੇ ਅੱਲਾ ਨੂੰ ਪਿਆਰੀ ਹੋ ਗਈ। ਮਰਨ ਤੋਂ ਕੁਝ ਸਾਲ ਪਹਿਲਾਂ ਉਸ ਦੀਆਂ ਅੱਖਾਂ ਦੀ ਜੋਤ ਚਲੀ ਗਈ ਸੀ। ਜਦੋਂ ਮੈਂ ਉਸ ਦੇ ਘਰ ਜਾ ਕੇ ਕਹਿਣਾ,"ਤਾਈ, ਮੱਥਾ ਟੇਕਦਾਂ" ਤਾਂ ਮੇਰੀ ਆਵਾਜ਼ ਪਛਾਣ ਕੇ ਉਸ ਨੇ ਕਹਿਣਾ "ਤੂੰ ਕਵਾਲ ਏਂ"। ਉਹ ਹਮੇਸ਼ਾ ਮੈਨੂੰ ਮੇਰੀ ਦਾਦੀ ਵੱਲੋਂ ਰੱਖੇ ਗਏ ਨਾਂ "ਕਵਾਲ" ਨਾਲ ਹੀ ਬੁਲਾਉਂਦੀ ਹੁੰਦੀ ਸੀ। ਫ਼ੌਤ ਹੋ ਜਾਣ 'ਤੇ ਤਾਈ ਮੁਰਾਦੋ ਦੀ ਮਿਰਤਕ ਦੇਹ ਨੂੰ ਪਿੰਡ ਦੇ ਲੋਕਾਂ ਵੱਲੋਂ ਉਸ ਦੇ ਘਰ ਤੋਂ ਲੱਗਭੱਗ 200 ਗਜ਼ ਦੂਰ ਇਕ ਪੀਰ ਦੀ ਜਗ੍ਹਾ ਦੇ ਨੇੜੇ ਬੜੇ ਮਾਣ-ਸਤਿਕਾਰ ਨਾਲ ਪੂਰੀਆਂ ਮੁਸਲਿਮ ਰਸਮਾਂ ਨਾਲ ਦਫ਼ਨਾਇਆ ਗਿਆ। ਆਲੇ-ਦੁਆਲੇ ਸਾਰੇ ਘਰ ਜੱਟ-ਸਿੱਖਾਂ ਦੇ ਸਨ। ਪਰ ਕਿਸੇ ਨੇ ਵੀ ਇਸ 'ਤੇ ਕੋਈ ਇਤਰਾਜ਼ ਨਾ ਕੀਤਾ, ਸਗੋਂ ਉਹ ਤਾਂ ਸਾਰੇ ਹੀ ਉਸ ਮੌਕੇ ਉੱਥੇ ਉਚੇਚੇ ਤੌਰ 'ਤੇ ਹਾਜ਼ਰ ਹੋਏ ਸਨ।

ਇੱਥੇ ਇਹ ਸੱਭ ਦੱਸਣ ਦਾ ਮੇਰਾ ਮੰਤਵ ਇਹ ਹੈ ਕਿ ਉਦੋਂ ਲੋਕਾਂ ਵਿਚ ਅੱਜ ਵਾਂਗ ਪਿੰਡਾਂ ਅਤੇ ਸ਼ਹਿਰਾਂ ਵਿਚ ਜ਼ਾਤ-ਪਾਤ ਤੇ ਧਰਮਾਂ ਦਾ ਕੋਈ ਵਿਤਕਰਾ ਨਹੀਂ ਸੀ। ਉਹ ਸਾਰੇ ਰਲ਼-ਮਿਲ਼ ਕੇ ਬੜੇ ਪਿਆਰ ਨਾਲ ਰਹਿੰਦੇ ਸਨ ਅਤੇ ਉਨ੍ਹਾਂ ਦੀ ਆਪਸ ਵਿਚ ਬੜੀ ਸਾਂਝ ਸੀ। ਅੱਲੋ ਸੱਕਾ ਅਤੇ ਬਾਵਾ ਫ਼ਕੀਰ ਦੀ ਇਹ ਕਹਾਣੀ ਮੇਰੇ ਜੀਵਨ ਦਾ ਅਹਿਮ ਹਿੱਸਾ ਹੈ ਜੋ ਮੈਂ ਆਪਣੇ ਹੱਡੀਂ ਹੰਢਾਇਆ ਹੈ। ਕਾਸ਼! ਕਿਸੇ ਤਰ੍ਹਾਂ 1947 ਤੋਂ ਪਹਿਲਾਂ ਦੇ ਉਹ ਦਿਨ ਮੁੜ ਆ ਸਕਣ ਜੋ ਅੱਜ ਦੇ ਚੱਲ ਰਹੇ ਹਾਲਾਤ ਵਿਚ ਸੰਭਵ ਨਹੀਂ ਲੱਗਦੇ। ਮੇਰੀ ਉਮਰ ਇਸ ਸਮੇਂ 81 ਸਾਲ ਹੋ ਗਈ ਹੈ। ਕਈ ਵਾਰ ਮੈਂ ਸੋਚਦਾ ਹਾਂ ਕਿ ਜੇਕਰ ਮੇਰੇ ਪਾਪਾ ਵੀ ਕਈ ਹੋਰਨਾਂ ਵਾਂਗ 1947 ਦੀ ਮਾਰ-ਧਾੜ ਵਿਚ ਸ਼ਾਮਲ ਹੁੰਦੇ ਤਾਂ ਮੈਂ ਸ਼ਾਇਦ ਇਸ ਦੁਨੀਆਂ ਵਿਚ ਨਾ ਹੁੰਦਾ, ਕਿਉਂਕਿ ਇਹ ਆਮ ਧਾਰਨਾ ਹੈ ਕਿ ਬਾਪ ਦੇ ਕੀਤੇ ਗਏ ਪਾਪਾਂ ਦਾ ਫ਼ਲ ਕਈ ਵਾਰ ਔਲ਼ਾਦ ਨੂੰ ਭੁਗਤਣਾ ਪੈਂਦਾ ਹੈ। ਜੇਕਰ ਉਹ ਉਸ ਸਮੇਂ ਪਿੰਡ ਦੇ ਉਨ੍ਹਾਂ ਦੋ ਬੰਦਿਆਂ ਦੀ ਗੱਲ ਮੰਨ ਲੈਂਦੇ ਅਤੇ ਉਸ ਪਾਪ ਦੇ ਭਾਗੀਦਾਰ. ਬਣ ਜਾਂਦੇ ਤਾਂ ਫਿਰ ਅੱਗੋਂ ਸ਼ਾਇਦ ਹੋਰ ਵੀ ਪਾਪਾਂ ਦੀ ਦੁਨੀਆਂ ਵਿਚ ਫਸ ਜਾਂਦੇ। ਪਤਾ ਨਹੀਂ ਫਿਰ ਸਾਡੇ ਪਰਿਵਾਰ ਦੇ ਕੀ ਹਾਲਾਤ ਹੁੰਦੇ, ਇਹ ਤਾਂ ਉਹ ਮਾਲਕ ਪ੍ਰਮਾਤਮਾ ਹੀ ਜਾਣਦਾ ਹੈ। ਉਹ ਜੋ ਵੀ ਕਰਦਾ ਹੈ, ਸਹੀ ਕਰਦਾ ਹੈ।

(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128)

## ਟੋਕੀਓ ਓਲੰਪਿਕ

ਕੀ ਹੋਇਆ ਜੇ ਮਿਲਿਆ ਇੱਕ ਗੋਲਡ ਸਾਨੂੰ,
ਕੀ ਅਸੀਂ ਕੀਤੀ ਪੂਰੀ ਤਿਆਰੀ ਨਹੀਂ ਸੀ।
ਹਿੱਸਾ ਲਿਆ ਖਿਡਾਰੀਆਂ ਲਾ ਕੇ ਤਾਣ ਸਾਰਾ,
ਦੇ ਕੇ ਬੈਸਟ ਤੇ ਹਿੰਮਤ ਮਾਰੀ ਨਹੀਂ ਸੀ।
ਭਾਵੇਂ ਆਇਆ ਇੱਕੋ ਇੱਕ ਗੋਲਡ ਮੈਡਲ,
ਤਾਂਬੇ ਚਾਂਦੀ ਲਈ ਜਾਨ ਵੀ ਵਾਰੀ ਨਹੀਂ ਸੀ।
ਸਾਰੇ ਖਿਡਾਰੀਆਂ ਨੂੰ ਸਾਡਾ ਸਲਾਮ ਯਾਰੋ,
ਦੱਸੋ, ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ ਸੀ।

-ਸੁਲੱਖਣ ਮਹਿਮੀ

## ਗੋਲਡ ਮੈਡਲ.....

-ਵਧਾਈਆਂ-

ਨੀਰਜ ਚੋਪੜਾ ਸਿਰਜ ਇਤਿਹਾਸ ਦਿੱਤਾ,
ਨੱਚ ਗਾ ਕੇ ਖੁਸ਼ੀ ਮਨਾਅ ਰਹੇ ਹਾਂ।
ਓਲੰਪਿਕ ਵਿੱਚ ਮਿਲਿਆ ਗੋਲਡ ਸਾਨੂੰ,
ਅਸੀਂ ਫੁੱਲੇ ਨਹੀਂ ਸਮਾਅ ਰਹੇ ਹਾਂ।
ਸਾਰਾ ਦੇਸ਼ ਹੈ ਜਸ਼ਨ ਮਨਾਉਣ ਲੱਗਾ,
ਨਵੇਂ ਪੂਰਨੇ ਜਿਉਂ ਅਸੀਂ ਪਾਅ ਰਹੇ ਹਾਂ।
ਸਾਨੂੰ ਚਾਹੀਦਾ ਕਰੀਏ ਵੱਧ ਮਿਹਨਤ,
ਐਵੇਂ ਸ਼ੋਰ ਕਿਉਂ ਅਸੀਂ ਮਚਾਅ ਰਹੇ ਹਾਂ।
ਕਹਿਣ ਨੂੰ ਤਾਂ ਸਾਡਾ ਹੈ ਮਹਾਨ ਭਾਰਤ,
ਦੇਖੋ ਕਿੰਨੀ ਮਹਾਨਤਾ ਦਿਖਾਅ ਰਹੇ ਹਾਂ।

-ਸੁਲੱਖਣ ਮਹਿਮੀ

## ਆ ਰਿਹਾ ਅਜ਼ਾਦੀ ਦਿਵਸ ....

ਅਜ਼ਾਦੀ ਮਿਲੀ ਦਾ ਹੋਇਆ ਕੀ ਫ਼ਾਇਦਾ,
ਵਾਂਙ ਅੱਜ ਵੀ ਗੁਲਾਮਾਂ ਦੇ ਜੀਣ ਲੱਗੇ।
ਬੰਧੂਆ ਮਜ਼ਦੂਰੀ ਅਜੇ ਨਾ ਬੰਦ ਹੋਈ,
ਮਜਾਰੇ ਬਣ ਕੇ ਕੰਮੀ ਕਮੀਣ ਲੱਗੇ।
ਹੋਇਆ ਔਖਾ ਜੀਵਨ ਹੈ ਬਸਰ ਕਰਨਾ,
ਸਰਕਾਰਾਂ ਵੀ ਲੈਣ ਨਾ ਸਾਰ ਸਾਡੀ।
ਸਾਲ ਚੌਹੱਤਰਵਾਂ ਜਸ਼ਨ ਮਨਾ ਰਹੇ ਹਾਂ,
ਹੰਝੂ ਅਜੇ ਵੀ ਗ਼ਮਾਂ ਦੇ ਪੀਣ ਲੱਗੇ।

-ਸੁਲੱਖਣ ਮਹਿਮੀ

## ਹਲਕਾ ਫੁਲਕਾ

ਪਿੰਕੀ, "ਕਿੰਨੀ ਵੀ ਠੰਢ ਪੈ ਜਾਵੇ, ਪਰ ਮੈਂ ਰੋਜ਼ ਨਹਾਉਂਦੀ ਹਾਂ।"
ਪ੍ਰਿੰਸ, "ਓਏ ਮੈਂ ਤਾਂ ਠੰਢ ਵਿੱਚ ਦੋ ਵਾਰ ਨਹਾਉਂਦਾ ਹਾਂ।"
ਪਿੰਕੀ, "ਵਾਓ! ਤੂੰ ਤਾਂ ਬਹੁਤ ਪਿਆਰਾ ਏਂ।"
ਪ੍ਰਿੰਸ, "ਓ ਨਹੀਂ ਪਾਗਲ, ਮੈਂ ਦੋ ਵਾਰ ਨਹਾਉਂਦਾ ਹਾਂ, ਪਰ ਮਹੀਨੇ ਵਿੱਚ।"

*********

ਪੱਪੂ ਇਲੈਕਸ਼ਨ ਵਿੱਚ ਖੜ੍ਹਾ ਹੋਇਆ, ਉਸ ਨੂੰ ਸਿਰਫ ਤਿੰਨ ਵੋਟ ਮਿਲੇ।
ਉਸ ਨੇ ਪੁਲਸ ਤੋਂ ਜ਼ੈੱਡ ਸਕਿਓਰਿਟੀ ਮੰਗੀ।
ਪੁਲਸ, "ਸਕਿਓਰਿਟੀ ਕਿਉਂ ਚਾਹੀਦੀ ਹੈ?"
ਪੱਪੂ, "ਜਿਸ ਸ਼ਹਿਰ ਵਿੱਚ ਇੰਨੇ ਲੋਕ ਮੇਰੇ ਖਿਲਾਫ ਹਨ, ਉਥੇ ਮੈਨੂੰ ਸੁਰੱਖਿਆ ਮਿਲਣੀ ਹੀ ਚਾਹੀਦੀ ਹੈ।"

*********

# ਬਨਸਪਤੀ ਨਾਲ ਹੈ ਪੰਜਾਬੀ ਸੱਭਿਆਚਾਰ ਦੀ ਗੂੜ੍ਹੀ ਸਾਂਝ

-ਰਾਜਨਦੀਪ ਕੌਰ ਮਾਨ-
6239326166

ਬਨਸਪਤੀ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ।ਪੰਜਾਬੀ ਬੱਚੇ ਦੇ ਜਨਮ ਤੋਂ ਹੀ ਇਸਦੀ ਬਨਸਪਤੀ ਨਾਲ ਸਾਂਝ ਸ਼ੁਰੂ ਹੋ ਜਾਂਦੀ ਹੈ।ਜਨਮ ਸਮੇਂ ਨਿੰਮ ਜਾਂ ਸ਼ਰੀਂਹ ਦਾ ਬੂਹੇ ਅੱਗੇ ਬੱਝਣਾ ਇਸਦਾ ਪ੍ਰਮਾਣ ਹੈ।ਅੰਤ ਸਮੇਂ ਲੱਕੜੀਆਂ ਨਾਲ ਹੀ ਦਾਹ ਸੰਸਕਾਰ ਕੀਤਾ ਜਾਂਦਾ ਹੈ।ਸੋ ਸਾਰੀ ਜਿੰਦਗੀ ਦੀ ਕਹਾਣੀ ਬਨਸਪਤੀ ਦੇ ਆਸ ਪਾਸ ਹੀ ਘੁੰਮਦੀ ਹੈ।ਰੁੱਖਾਂ ਨਾਲ ਸਾਡੀ ਸਾਂਝ ਉਦੋਂ ਤੋਂ ਹੈ ਜਦੋਂ ਤੋਂ ਇਹ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ।ਪੰਜਾਬੀ ਲੋਕਗੀਤਾਂ ,ਬੋਲੀਆਂ,ਦਰਸ਼ਨ,ਧਰਮ ਆਦਿ ਹਰ ਤਰ੍ਹਾਂ ਦੇ ਸਾਹਿਤ ਵਿੱਚ ਬਨਸਪਤੀ ਦਾ ਖੂਬ ਜ਼ਕਿਰ ਮਿਲਦਾ ਹੈ।ਪੰਜਾਬੀ ਲੋਕ ਸਾਹਿਤ ਵਿੱਚ ਸਾਨੂੰ ਪਿੱਪਲ ਤੇ ਬੋਹੜ,ਅੰਬ,ਬੇਰੀਆਂ ਤੇ ਕਿੱਕਰਾਂ, ਤੂਤ,ਟਾਹਲੀਆਂ , ਵਣ ਕਰੀਰ, ਜੰਡ,ਨਿੰਮ ਤੇ ਫਲਾਹੀ,ਇਮਲੀ ਤੇ ਨਿੰਬੂ ਬਾਰੇ ਲਿਖਿਆ ਮਿਲਦਾ ਹੈ।ਪੰਜਾਬੀ ਸੱਭਿਆਚਾਰ ਵਿੱਚ ਏਕੇ ਤੇ ਇਕੱਠ ਦਾ ਬਹੁਤ ਮਹੱਤਵ ਹੈ।ਰੋਹੀ ਵਿੱਚ ਇਕੱਲਾ ਖੜ੍ਹਾ ਰੁੱਖ ਤੇ ਜੱਟ ਦਾ ਪੁੱਤ ਦੋਵੇਂ ਹੀ ਨਿਰਾਸ਼ਤਾ ਪੈਦਾ ਕਰਦੇ ਹਨ।

ਕੱਲੀ ਹੋਵੇ ਨਾ ਵਣਾ ਦੇ ਵਿੱਚ ਲੱਕੜੀ,
ਕੱਲਾ ਨਾ ਹੋਵੇ ਪੁੱਤ ਜੱਟ ਦਾ।

ਇਸ ਤਰ੍ਹਾਂ ਦਰੱਖਤ ਨੂੰ ਵੀ ਮਨੁੱਖ ਦੇ ਬਰਾਬਰ ਹੀ ਹਮਦਰਦੀ ਦਿੱਤੀ ਗਈ ਹੈ।ਧਰੇਕਾਂ ਤੇ ਧੀਆਂ ਨੂੰ ਬਰਾਬਰ ਦਾ ਰੁਤਬਾ ਹਾਸਲ ਹੈ।

ਧੀਆਂ ਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ।

ਪੁਰਾਣੇ ਸਮਿਆਂ ਵਿੱਚ ਜਦੋਂ ਬਰਾਤ ਢੁਕਦੀ ਸੀ ਤਾਂ ਸਭ ਤੋਂ ਪਹਿਲਾਂ ਲਾੜੇ ਕੋਲੋਂ ਜੰਡੀ ਵਢਾਈ ਜਾਂਦੀ । ਲਾੜੇ ਦੀਆਂ ਭੈਣਾਂ ਇਹ ਗੀਤ ਗਾਕੇ ਬਰਾਤ ਤੋਰਦੀਆਂ:

ਵੀਰਾ ਜੇ ਤੂੰ ਵੱਢੀ ਜੰਡੀ,
ਤੇਰੀ ਮਾਂ ਨੇ ਸ਼ੱਕਰ ਵੰਡੀ।

ਸੱਸ ਨੂੰ ਕੁੱਟਣ ਲਈ ਨਿੰਮ ਦਾ ਘੋਟਣਾ, ਕਾਲੀ ਟਾਹਲੀ ਦਾ ਚਰਖਾ, ਨਿੰਮ ਦਾ ਸੰਦੂਕ, ਚੰਦਨ ਦੀ ਚੌਂਕੀ ਆਦਿ ਵਸਤੂਆਂ ਤੋਂ ਬਨਸਪਤੀ ਦੀ ਅਹਿਮੀਅਤ ਬਾਰੇ ਹੋਰ ਵੀ ਜਾਣਕਾਰੀ ਮਿਲਦੀ ਹੈ ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।

ਰਾਤ ਬਰਾਤੇ ਸੱਜ ਵਿਆਹੀ ਮਾਹੀ ਨੂੰ ਖੇਤ ਜਾਣ ਤੋਂ ਰੋਕਣ ਲਈ ਇਹ ਪੱਜ ਲਾਉਂਦੀ ਹੈ

ਕਿੱਕਰ ਤੇ ਕਾਟੋ ਰਹਿੰਦੀ ਕੱਲਾ ਨਾ
ਜਾਵੀਂ ਖੇਤ ਨੂੰ।

ਪੰਜਾਬ ਦੇ ਇਲਾਕੇ ਮਾਲਵਾ ਵਿੱਚ ਕਿੱਕਰ ਦਾ ਰੁੱਖ ਜਿਆਦਾ ਪ੍ਰਧਾਨ ਰਿਹਾ ਹੋਣ ਕਰਕੇ ਇਥੇ ਇਹ ਤੁਕਾਂਤ ਬਹੁਤ ਮਸ਼ਹੂਰ ਰਹੀ ਹੈ:

ਚਲ ਮਾਲਵੇ ਦੇਸ਼ ਨੂੰ ਚਲੀਏ,
ਜਿੱਥੇ ਕਿੱਕਰਾਂ ਨੂੰ ਅੰਬ ਲਗਦੇ।

ਬੇਰੀਆਂ ਦੇ ਦਰੱਖਤਾਂ ਦਾ ਜਿਕਰ ਸਿਰਫ ਦਰਖਤ ਕਰਕੇ ਨਹੀਂ ਇਸਦੇ ਬੇਰਾਂ ਕਰਕੇ ਜਿਆਦਾ ਹੁੰਦਾ ਹੈ।

ਮੈਂ ਬੇਰੀਆਂ ਤੋਂ ਬੇਰ ਲਿਆਇਆ ,ਨੀ
ਭਾਬੀ ਤੇਰੇ ਰੰਗ ਵਰਗਾ।
ਦਸ ਕਿਹੜੇ ਬਹਾਨੇ ਆਵਾਂ,
ਬੇਰੀਆਂ ਦੇ ਬੇਰ ਮੁਕ ਗਏ।

ਕਰੀਰ ਦੇ ਬੂਟੇ ਦਾ ਜਿਕਰ ਵੀ ਲੋਕਧਾਰਾ ਵਿੱਚ ਆਮ ਮਿਲਦਾ ਹੈ।

ਕਰੀਰ ਦਾ ਵੇਲਣਾ ਮੈ ਵੇਲ ਵੇਲ
ਥੱਕੀ।
ਦੂਰੋਂ ਤਾਂ ਲਾਹੌਰੋਂ ਚੱਕੀ ਲਿਆਂਦੀ,
ਵਣੋ ਕਰੀਰੋ ਹੱਥੜਾ।
ਕੱਲ ਮੁਕੱਲੀ ਤੋੜਾਂ ਮੈ ਕਰੀਰਾਂ ਨਾਲੋਂ
ਡੇਲੇ,
ਵੇ ਖੜ੍ਹਾ ਰਹਿ ਜਾਲਮਾ,
ਸਬੱਬੀਂ ਹੋ ਗਏ ਮੇਲੇ।

ਤੂਤ ਨਾ ਸਿਰਫ ਆਪਣੀ ਠੰਡੀ ਛਾਂ ਤੇ ਮਿੱਠੀਆਂ ਤੂਤੀਆਂ ਕਰਕੇ ਬਲਕਿ ਇਸਦੀਆਂ ਟਾਹਣੀਆਂ ਤੋਂ ਟੋਕਰੇ,ਟੋਕਰੀਆਂ,ਛਿੱਕੂ , ਛਾਬੇ ਆਦਿ ਲੋੜੀਂਦੀਆਂ ਵਸਤਾਂ ਬਣਦੀਆਂ ਸਨ।

ਤੂਤ ਆਪਣੀ ਮਜ਼ਬੂਤੀ ਲਈ ਵੀ ਜਾਣਿਆ ਜਾਂਦਾ ਹੈ

ਯਾਰੀ ਜੱਟ ਦੀ ਤੂਤ ਦਾ ਮੋਛਾ,
ਕਦੇ ਨਾ ਵਿਚਾਲਿਓਂ ਟੁੱਟਦੀ।

ਇਸ ਤੋਂ ਇਲਾਵਾ ਬੋਹੜ ਤੇ ਪਿੱਪਲਾਂ ਦੀ ਪੰਜਾਬੀ ਜਨ ਜੀਵਨ ਵਿੱਚ ਬਹੁਤ ਖਾਸ ਜਗ੍ਹਾ ਹੈ।ਹਿੰਦੂ ਧਰਮ ਵਿੱਚ ਇਹਨਾਂ ਦੀ ਪੂਜਾ ਕੀਤੀ ਜਾਂਦੀ ਹੈ।ਬਾਬਾ ਬੋਹੜ ਸ਼ਬਦ ਕਿਸੇ ਲਈ ਬਹੁਤ ਉੱਚਾ ਰੁਤਬਾ ਮੰਨਿਆ ਜਾਂਦਾ ਹੈ।ਪਿੱਪਲ ਦੇ ਪੱਤੇ ਨੂੰ ਕਹੀ ਗਈ ਇਹ ਗੱਲ ਜਿੰਦਗੀ ਦੀ ਇੱਕ ਤਲਖ਼ ਹਕੀਕਤ ਹੈ:

ਪਿੱਪਲ ਦਿਆ ਪੱਤਿਆ ਕਿਉਂ ਖੜ
ਖੜ ਲਾਈ ਆ,
ਪੱਤ ਝੜੇ ਪੁਰਾਣੇ ਰੁੱਤ ਨਵਿਆਂ ਦੀ
ਆਈ ਆ।

ਇਸਤੋਂ ਇਲਾਵਾ ਫਲਾਂ ਦੇ ਰਾਜੇ ਅੰਬ ਦੇ ਦਰੱਖਤ ਦਾ ਵੀ ਸਾਡੇ ਵਿਰਸੇ ਦੇ ਗੀਤਾਂ ਵਿੱਚ ਬਹੁਤ ਜਿਕਰ ਹੈ:

ਨੀ ਅੰਬੀਆਂ ਨੂੰ ਤਰਸੇਂਗੀ, ਛੱਡ ਕੇ
ਦੇਸ਼ ਦੋਆਬਾ।
ਅੰਬਾਂ ਤੇ ਤੂਤਾਂ ਦੀ ਠੰਡੀ ਠੰਡੀ ਛਾਂ,
ਕੋਈ ਪਰਦੇਸੀ ਜੋਗੀ ਆਣ ਲੱਥੇ।

ਦਰੱਖਤਾਂ ਦੀ ਤ੍ਰਿਵੈਣੀ ਲਗਾਉਣਾ ਬਹੁਤ ਪੁੰਨ ਵਾਲਾ ਕੰਮ ਮੰਨਿਆ ਜਾਂਦਾ ਸੀ।ਪੁਰਾਣੇ ਲੋਕ ਬੋਹੜ ਦੇ ਦਰੱਖਤ ਦਾ ਵਿਆਹ ਵੀ ਰਚਾਉਂਦੇ ਸਨ ਤੇ ਫਿਰ ਜੱਗ ਕਰਕੇ ਗਰੀਬ ਗੁਰਬੇ ਦਾ ਢਿੱਡ ਭਰਦੇ ਸਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਸੱਭਿਆਚਾਰ ਕਿਸ ਤਰ੍ਹਾਂ ਬਨਸਪਤੀ ਦੇ ਅੰਗ ਸੰਗ ਵਿਚਰਦਾ ਹੈ ।

ਪੁਰਾਣੀਆਂ ਸਭਿਅਤਾਵਾਂ ਦੀ ਖੁਦਾਈ ਵਿੱਚੋ ਅਜਿਹੇ ਸੰਕੇਤ ਵੀ ਮਿਲੇ ਹਨ ਕਿ ਉਸ ਸਮੇਂ ਲੋਕ ਦਰਖਤਾਂ ਦੀ ਪੂਜਾ ਕਰਦੇ ਸਨ।ਅੱਜ ਦੇ ਸਮੇਂ ਵਿੱਚ ਦਰੱਖਤਾਂ ਦਾ ਜਿਆਦਾ ਤੋਂ ਜਿਆਦਾ ਲਗਾਉਣਾ ਤੇ ਬਚਾਉਣਾ ਬੇਹੱਦ ਅਹਿਮ ਕੰਮ ਹੈ।

ਸਾਵਣ ਮਹੀਨੇ ਵਿੱਚ ਦਰਖ਼ਤ ਲੱਗਣੇ ਬਹੁਤ ਜਰੂਰੀ ਹਨ ।ਕਿਉਕਿ ਇਸ ਮਹੀਨੇ ਵਿੱਚ ਦਰਖ਼ਤ ਸੁੱਕਦੇ ਨਹੀਂ ਹਨ।ਹਵਾ ਵਿੱਚ ਨਮੀ ਰਹਿਣ ਕਰਕੇ ਪੌਦੇ ਜਲਦੀ ਵਧਦੇ ਹਨ। ਸੋ ਆਓ ਪੰਜਾਬ ਦੀ ਵਿਰਾਸਤ ਬਚਾਈਏ ਤੇ ਵਿਰਾਸਤੀ ਦਰੱਖਤਾਂ ਨੂੰ ਵੱਧ ਤੋਂ ਵੱਧ ਲਗਾ ਕੇ ਆਕਸੀਜਨ ਤੇ ਸੱਭਿਆਚਾਰ ਦੋਨਾਂ ਪੱਖੋ ਪੰਜਾਬ ਦੀ ਧਰਤੀ ਨੂੰ ਅਮੀਰ ਕਰੀਏ।

## ਆਪਣੀ ਜ਼ਿੰਦਗੀ ਆਪਣੀ ਸੋਚ

ਹਰ ਮਨੁੱਖ ਚਾਹੇ ਆਪਣੇ ਢੰਗ ਨਾਲ ਸੋਚੇ ਪਰ ਸੋਚਦਾ ਹੈ
ਜ਼ਾਹਿਰ ਕਰੇ ਜਾਂ ਨਾ ਕਰੇ ਪਰ ਕੁਝ ਨਾ ਕੁਝ ਤਾਂ ਲੋਚਦਾ ਹੈ
ਜ਼ਿੰਦਗੀ ਇੱਕ ਗੇਂਦ (ਇੱਛਾਵਾਂ) ਦੀ ਖੇਡ ਹੀ ਤਾਂ ਹੈ
ਪਰ ਜੇਤੂ ਹੈ ਉਹੀ ਜੋ ਇਸ ਗੇਂਦ ਨੂੰ ਕਾਬੂ ਕਰ ਕੇ ਬੋਚਦਾ ਹੈ
ਖੇਡਣਾ ਤਾਂ ਖਿਡਾਰੀਆਂ ਨੇ ਹੀ ਹੁੰਦਾ ਹੈ
ਟੀਮ ਨੂੰ ਜਿਤਾਉਣ ਦਾ ਕੰਮ ਤਾਂ ਮਨ ਜਾਣੀ ਕੋਚ ਦਾ ਹੈ
ਕੀ ਕਹਿਣਾ ਤੇ ਦੱਸਣਾ ਦੁਨੀਆ ਦੇ ਲੋਕਾਂ ਬਾਰੇ
ਹਰ ਤੱਕੜਾ ਬੰਦਾ ਮਾੜੇ ਨੂੰ ਦੁਬੋਚਦਾ ਹੈ
ਭਲਾ ਤਾਂ ਕਿਸੇ ਦਾ ਕਿਸੇ ਨੇ ਕੀ ਕਰਨਾ ਹੈ
ਸਗੋਂ ਜਿੰਨਾ ਹੋ ਸਕੇ ਦੂਸਰੇ ਨੂੰ ਨੋਚਦਾ ਹੈ
ਆਪਣੇ ਆਪ ਬਾਰੇ ਤਾਂ ਕੁਝ ਜਾਨਣ ਦੀ ਲੋੜ ਨਹੀਂ ਸਮਝੀਦੀ
ਪਰ ਹੋਰਾਂ ਨੂੰ ਮੀਣ ਮੇਖ ਨਾਲ ਪੂਰਾ ਖੁਰੋਚਦਾ ਹੈ
ਕਿਸੇ ਹੋਰ ਦੀ ਗ਼ਲਤੀ ਨੂੰ ਤਾਂ ਹੈ ਪੂਰਾ ਉਛਾਲਣਾ
ਪਰ ਆਪਣੀਆਂ ਕਰਤੂਤਾਂ ਦੀ ਫੱਟੀ ਬੜੇ ਢੰਗ ਨਾਲ ਪੋਚਦਾ ਹੈ
ਜ਼ਿੰਦਗੀ ਜੋ ਮਿਲੀ ਹੈ ਤੇ ਸ਼ਾਇਦ ਨਾ ਮਿਲੇ ਦੁਬਾਰਾ
ਬਿਤਾਉਣੀ ਪਰ ਕਿੱਦਾਂ ਹੈ ,ਇਹ ਕੰਮ ਸਿਰਫ ਤੇ ਸਿਰਫ ਆਪਣੀ ਸੋਚ ਦਾ ਹੈ।

ਅਮਰਜੀਤ ਕੌਰ
ਵੈਨਕੂਵਰ

## ਇਨਕਲਾਬੀ ਗੱਲ



ਆਜ਼ਾਦੀ ਘੁਲਾਟੀਆਂ ਦੇ ਸੰਗਰਸ਼ ਤੋ ਬਾਅਦ
ਫੇਰ ਜਾਕੇ ਹੋਇਆ ਸਾਡਾ ਭਾਰਤ ਆਜ਼ਾਦ
ਦੇਸ਼ ਦੀ ਖਾਤਰ ਜਿਨ੍ਹਾਂ ਦੇਖੀਆਂ ਨਾ ਹਾਨੀਆਂ
ਭਗਤ ਸਿੰਘ ,ਰਾਜਗੁਰੂ, ਸੁਖਦੇਵ, ਚੰਦਰਸ਼ੇਖਰ
ਬਟੁਕੇਸ਼ਵਰ ਵਰਗੇ ਜਵਾਨ ਦੇ ਗਏ ਕੁਰਬਾਨੀਆਂ
ਅਜੀਤ ਸਿੰਘ ਵਾਂਗੂੰ ਅੱਗ ਹੱਕ ਵਾਲੀ ਬਾਲ
ਇਨਕਲਾਬੀ ਗੱਲ ਲਿਖ ਬਣ ਬਾਕੇਂ ਦਿਆਲ
ਅੱਜ ਦੀ ਕਿਸਾਨੀ ਦੀ ਤੂੰ ਪੱਗੜੀ ਸੰਭਾਲ

ਭੁੱਲ ਹੀ ਨਾ ਜਾਇਓ ਬਾਬਾ ਚੂਹੜ ਸਿੰਘ ਲੀਲ੍ਹ
ਗ਼ਦਰੀ ਜੋ ਬਾਬੇ ਓ ਵੀ ਲੜੇ ਕਈ ਮੀਲ੍ਹ
ਲਿਖਦਾ ਸੀ ਤੇਜਾ ਸਿੰਘ ਸਫ਼ਰੀ ਵੀ ਡਾਹਢੀ
ਬਾਗੀ ਰਹਾਂਗੇ ਤੇ ਕਰਾਂਗੇ ਹੋਰਾ ਨੂੰ ਵੀ ਬਾਗੀ,
ਚਤਨ ਸਿੰਘ ਮਨੈਲੀ ਵੀ ਅੜ ਕੇ ਨਿਭਾ ਗਿਆ
ਸਿੱਖ ਕੈਦੀਆਂ ਨੂੰ ਟੋਪੀ ਦੀ ਥਾਂ ਸਾਫ਼ਾ ਸੀ ਪਵਾ ਗਿਆ
ਗ੍ਰਿਫ਼ਤਾਰੀਆਂ ਵੀ ਦਿੱਤੀਆਂ ਲਿਆਂਦੇ ਵੀ ਭੂਚਾਲ
ਇਨਕਲਾਬੀ ਗੱਲ ਲਿਖ ਬਣ ਬਾਕੇਂ ਦਿਆਲ
ਅੱਜ ਦੀ ਕਿਸਾਨੀ ਦੀ ਤੂੰ ਪੱਗੜੀ ਸੰਭਾਲ

ਸੋਹਣ ਲਾਲ ਪਾਠਕ ਭਗਤ ਸਿੰਘ ਬਿਲਗਾ
ਹਰੀ ਸਿੰਘ ਉਸਮਾਨ ਬੰਦੇ ਸੀਗੇ ਧਰਨਾਟ
ਗਦਰੀ ਲਹਿਰ ਦਾ ਬੜਾ ਧਾਕੜ ਸੂਰਮਾ ਸੀ
ਸਰਦਾਰ ਹਰਨਾਮ ਸਿੰਘ ਟੁੰਡੀਲਾਟ
ਕ੍ਰਾਂਤੀਕਾਰੀ ਸੋਚ ਨੇ ਹੀ ਡੋਰ ਗੁਲਾਮੀ ਵਾਲੀ ਕੱਟੀ
ਹੋਰ ਕਿਹੜਾ ਚਰਖੇ ਕੱਲੇ ਨੇ ਆਜ਼ਾਦੀ ਖੱਟੀ
ਸਲੂਟ ਫ਼ੌਜੀਆਂ ਨੂੰ ਜਿਹੜੇ ਖੜ ਬਾਡਰਾ ਤੇ,
ਰੱਖਦੇ ਸਾਡੇ ਤਿਰੰਗੇ ਦਾ ਖ਼ਿਆਲ

ਇਨਕਲਾਬੀ ਗੱਲ ਲਿਖ ਬਣ ਬਾਕੇਂ ਦਿਆਲ
ਅੱਜ ਦੀ ਕਿਸਾਨੀ ਦੀ ਤੂੰ ਪੱਗੜੀ ਸੰਭਾਲ



ਲੇਖਕ-- ਮਨਦੀਪ ਖਾਨਪੁਰੀ
ਪਤਾ-- ਖਾਨਪੁਰ ਸਹੋਤਾ
(ਹੁਸਿਆਰਪੁਰ)
ਨੰਬਰ-97791-79060

# ਬੇਰੁਜ਼ਗਾਰੀ ਦਾ ਹਾਲ, ਪਟਵਾਰੀਆਂ ਦੀਆਂ 1152 ਪੋਸਟਾਂ, ਪੌਣੇ ਦੋ ਲੱਖ ਉਮੀਦਵਾਰ



ਜਲੰਧਰ, 9 ਅਗਸਤ (ਪੋਸਟ ਬਿਊਰੋ)- ਪੰਜਾਬ ਭਰ ਵਿੱਚ ਬੇਰੁਜ਼ਗਾਰੀ ਦੀ ਹਾਲਤ ਕਿੰਨੀ ਦੁਖਦਾਈ ਹੈ, ਇਸਦਾ ਪਤਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ 1152 ਪਟਵਾਰੀਆਂ ਦੀ ਸਿੱਧੀ ਭਰਤੀ ਲਈ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਕੱਲ੍ਹ ਲਏ ਗਏ ਲਿਖਤੀ ਟੈੱਸਟ ਤੋਂ ਮਿਲਦੀ ਹੈ, ਜਿਸ ਵਿੱਚ ਇੱਕ ਲੱਖ 71 ਹਜ਼ਾਰ ਤੋਂ ਵੱਧ ਉਮੀਦਵਾਰਾਂ ਨੇ ਇਮਤਿਹਾਨ ਦਿੱਤਾ, ਜਦਕਿ ਇਨ੍ਹਾਂ ਪੋਸਟਾਂ ਲਈ 2,23,181 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ।

ਨੈਸ਼ਨਲ ਇੰਸਟੀਚਿਊਟ ਆਫ਼ ਟੀਚਰ ਟਰੇਨਿੰਗ ਚੰਡੀਗੜ੍ਹ ਦੀ ਦੇਖ-ਰੇਖ ਹੇਠ ਹੋਏ ਇਸ ਟੈੱਸਟਲਈ ਜਲੰਧਰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਦੋ ਨੋਡਲ ਅਫ਼ਸਰਾਂ ਡਾ. ਆਰ ਕੇ ਗਰਗ ਅਤੇ ਡਾ. ਅਜੈ ਅਗਰਵਾਲ ਦੀ ਨਿਗਰਾਨੀ ਹੇਠ 58 ਕੇਂਦਰ ਬਣਾਏ ਗਏ ਸਨ, ਜਿਨ੍ਹਾਂ ਵਿੱਚ 22,500 ਤੋਂ ਵੱਧ ਉਮੀਦਵਾਰਾਂ ਨੇ ਲਿਖਤੀ ਇਮਤਿਹਾਨ ਦਿੱਤਾ। ਇਨ੍ਹਾਂ ਵਿੱਚ ਲੜਕੇ ਅਤੇ ਲੜਕੀਆਂ ਦੋਵੇਂ ਸ਼ਾਮਲ ਸਨ। ਪ੍ਰਸ਼ਾਸਨ ਵੱਲੋਂ ਪ੍ਰਬੰਧ 31600 ਉਮੀਦਵਾਰਾਂ ਲਈ ਕੀਤੇ ਸਨ। ਟੈੱਸਟਕੇਂਦਰਾਂ ਵਿੱਚ ਨਕਲ ਰੋਕਣ ਲਈ ਸੁਰੱਖਿਆ ਲਈ ਜੈਮਰ ਸਮੇਤ ਆਧੁਨਿਕ ਤਕਨੀਕ ਵਾਲੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਵਿਦਿਆਰਥੀਆਂ ਨੂੰ ਬਾਹਰੋਂ ਪੈਨ ਤਕ ਲਿਜਾਣ ਦੀ ਮਨਾਹੀ ਸੀ। ਇਸ ਮੌਕੇ ਉਮੀਦਵਾਰਾਂ ਦੀ ਪੂਰੀ ਤਲਾਸ਼ੀ ਲਈ ਗਈ ਅਤੇ ਇਸ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ। ਉਮੀਦਵਾਰਾਂ ਦੀ ਹਾਜ਼ਰੀ ਬਾਇਓਮੀਟ੍ਰਿਕ ਤਰੀਕੇ ਨਾਲ ਹਾਜ਼ਰੀ ਲਗਵਾਈ ਗਈ ਤਾਂ ਜੋ ਉਨ੍ਹਾਂ ਦੀ ਜਗ੍ਹਾ ਕੋਈ ਦੂਸਰਾ ਵਿਅਕਤੀ ਪ੍ਰੀਖਿਆ ਨਾ ਦੇ ਸਕੇ।

ਇਸ ਦੌਰਾਨ ਵਿਦਿਆਰਥੀਆਂ ਤੇ ਉਨ੍ਹਾਂ ਦੇ ਨਾਲ ਆਏ ਲੋਕਾਂ ਨੂੰ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਵਿਭਾਗ ਵੱਲੋਂ ਸਿਰਫ਼ ਇੱਕ ਦਿਨ ਪਹਿਲਾਂ ਪ੍ਰੀਖਿਆ ਕੇਂਦਰਾਂ ਦੀ ਸੂਚੀ ਜਾਰੀ ਕਰਨ ਨਾਲ ਕਈ ਵਿਦਿਆਰਥੀਆਂ ਨੂੰ ਕੇਂਦਰ ਲੱਭਣਾ ਬਹੁਤ ਔਖਾ ਹੋ ਗਿਆ ਸੀ। ਕੇਂਦਰਾਂ ਦੇ ਬਾਹਰ ਵਿਦਿਆਰਥੀਆਂ ਦੇ ਨਾਲ ਆਏ ਉਨ੍ਹਾਂ ਦੇ ਪਰਵਾਰ ਦੇਲੋਕਾਂ ਲਈ ਸਰਕਾਰ ਵੱਲੋਂ ਕੋਈ ਪ੍ਰਬੰਧ ਨਹੀਂ ਸਨ ਤੇ ਲੋਕ ਭਾਰੀ ਹੁੰਮਸ ਵਿੱਚ ਪਾਣੀ ਲਈ ਵੀ ਤਰਸ ਰਹੇ ਸਨ ਤੇ ਉਨ੍ਹਾਂ ਦੇ ਖੜੋਣ-ਬਹਿਣ ਦਾ ਵੀ ਪ੍ਰਬੰਧ ਨਹੀਂ ਸੀ। ਬਾਰਿਸ਼ ਆਉਣ ਕਰਕੇ ਲੋਕ ਇੱਧਰ-ਉਧਰ ਭੱਜ ਰਹੇ ਸਨ, ਜਿਨ੍ਹਾਂ ਵਿੱਚ ਛੋਟੇ ਬੱਚੇ ਵੀ ਸਨ। ਇਸ ਦੌਰਾਨ ਬੱਸ ਅੱਡਿਆਂ ਤੇ ਰੇਲਵੇ ਸਟੇਸ਼ਨਾਂ ਉੱਤੇ ਵੀ ਭਾਰੀ ਭੀੜ ਰਹੀ, ਕਿਉਂਕਿ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੇ ਆਪਣੀ ਸਹੂਲਤ ਅਨੁਸਾਰ ਸਟੇਸ਼ਨ ਅਪਲਾਈ ਕੀਤੇ ਹੋਏ ਸਨ।

# ਕੈਪਟਨ ਸਰਕਾਰ ਵੱਲੋਂ ਸਾਢੇ 8 ਲੱਖ ਕਿਸਾਨ ਪਰਵਾਰਾਂ ਨੂੰ ਸਿਹਤ ਬੀਮਾ ਯੋਜਨਾ ਹੇਠ ਲਿਆਉਣ ਦਾ ਫ਼ੈਸਲਾ


ਚੰਡੀਗੜ੍ਹ, 9 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸਾਲ 2021-22 ਲਈ 8.50 ਲੱਖ ਕਿਸਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ 'ਆਯੁਸ਼ਮਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ' ਹੇਠ ਲਿਆਉਣ ਦਾ ਫ਼ੈਸਲਾ ਕੀਤਾ ਹੈ। ਇਸ ਕੰਮ ਲਈ ਫਸਲ ਵੇਚੀ ਦੇ ਸਬੂਤ ਵਾਲਾ 'ਜੇ' ਫਾਰਮ ਤੇ 'ਗੰਨਾ ਤੋਲ ਪਰਚੀ' ਵਾਲੇ ਸਾਰੇ ਕਿਸਾਨ ਯੋਗ ਮੰਨੇ ਜਾਣਗੇ। ਕਿਸਾਨਾਂ ਨੂੰ ਇਸ ਸਕੀਮ ਲਈ ਸੁਖਾਲੇ ਢੰਗ ਨਾਲ ਅਪਲਾਈ ਕਰਨ ਦੀ ਸਹੂਲਤ ਦੇਂਦੇ ਹੋਏ ਪੰਜਾਬ ਮੰਡੀ ਬੋਰਡ ਨੇ ਇਸ ਸਾਲ ਤੋਂ ਪਹਿਲੀ ਵਾਰ ਕਿਸਾਨਾਂ ਲਈ ਵਿਸ਼ੇਸ਼ ਪੋਰਟਲ ਸ਼ੁਰੂ ਕੀਤਾ ਹੈ। ਉਨ੍ਹਾਂ ਨੂੰ ਅਪਲਾਈ ਕਰਨ ਵਾਸਤੇ ਪਹਿਲਾਂ ਵਾਂਗ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਮਾਰਕੀਟ ਕਮੇਟੀ ਦੇ ਦਫ਼ਤਰ ਜਾਣ ਦੀ ਲੋੜ ਨਹੀਂ ਹੋਵੇਗੀ।




ਇਸ ਬਾਰੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਦੱਸਿਆ ਕਿ ਸਾਰੇ ਕਿਸਾਨਾਂ ਦੀ ਸਮੁੱਚੀ ਬੀਮਾ ਰਾਸ਼ੀ ਦਾ ਭੁਗਤਾਨ ਮੰਡੀ ਬੋਰਡ ਅਦਾ ਕਰੇਗਾ ਅਤੇ ਇਹ ਕਿਸਾਨ ਪੰਜ ਲੱਖ ਰੁਪਏ ਤਕ ਨਕਦੀ ਰਹਿਤ ਇਲਾਜ਼ ਕਰਵਾ ਸਕਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਕਿਸਾਨਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ 20 ਅਗਸਤ 2021 ਤੋਂ ਸਿਹਤ ਸਹੂਲਤਾਂ ਦਾ ਲਾਭ ਮਿਲ ਲੱਗ ਜਾਵੇਗਾ। ਲਾਲ ਸਿੰਘ ਨੇ ਦੱਸਿਆ ਕਿ ਬੀਤੇ ਸਾਲ 5.01 ਲੱਖ ਕਿਸਾਨਾਂ ਨੂੰ 'ਜੇ' ਫਾਰਮ ਅਤੇ 'ਗੰਨਾ ਤੋਲ ਪਰਚੀ' ਮੁਤਾਬਕ ਸਿਹਤ ਬੀਮਾ ਸਕੀਮ ਹੇਠ ਲਿਆਂਦਾ ਗਿਆ ਸੀ। ਇਸ ਵਾਰ ਕਿਸਾਨਾਂ ਦੀ ਗਿਣਤੀ ਲੱਗਭਗ 8.5 ਲੱਖ ਹੈ, ਜਿਨ੍ਹਾਂ ਵਿੱਚ 7.91 ਲੱਖ ਕਿਸਾਨ 'ਜੇ' ਫਾਰਮ ਨਾਲ ਮੰਡੀ ਬੋਰਡ ਕੋਲ ਰਜਿਸਟਰਡ ਹਨ, ਜਦਕਿ 55000 ਗੰਨਾ ਉਤਪਾਦਕ ਹਨ। ਉਨ੍ਹਾ ਕਿਹਾ ਕਿ ਮਾਰਕੀਟ ਕਮੇਟੀਆਂ ਨੂੰ ਵੀ ਹਦਾਇਤ ਕਰ ਦਿੱਤੀ ਹੈ ਕਿ ਇਸ ਨਕਦੀ ਰਹਿਤ ਇਲਾਜ ਯੋਜਨਾ ਦਾ ਲਾਭ ਲੈਣ ਲਈ ਕਿਸਾਨਾਂ ਦੀ ਮਦਦ ਕੀਤੀ ਜਾਵੇ। ਮੰਡੀ ਬੋਰਡ ਦੇ ਸਕੱਤਰ ਰਵੀ ਭਗਤ ਨੇ ਦੱਸਿਆ ਕਿ ਸਿਹਤ ਬੀਮਾ ਸਕੀਮ ਹੇਠ ਕਿਸਾਨ ਇਲਾਜ ਲਈ 642 ਸੂਚੀਬੱਧ ਨਿੱਜੀ ਹਸਪਤਾਲਾਂ ਤੇ 208 ਸਰਕਾਰੀ ਹਸਪਤਾਲਾਂ ਤਕ ਪਹੁੰਚ ਕਰ ਸਕਦੇ ਹਨ, ਜਿੱਥੇ ਦਿੱਲ ਦਾ ਅਪ੍ਰੇਸ਼ਨ, ਕੈਂਸਰ ਦਾ ਇਲਾਜ, ਜੋੜ ਬਦਲਾਉਣੇ ਤੇ ਹਾਦਸਿਆਂ ਦੇ ਇਲਾਜ ਸਮੇਤ 1579 ਬਿਮਾਰੀਆਂ ਲਈ ਪੰਜ ਲੱਖ ਰੁਪਏ ਤਕ ਨਕਦੀ ਰਹਿਤ ਇਲਾਜ ਦੀ ਸਹੂਲਤ ਹਾਸਲ ਹੋਵੇਗੀ।

# ਦੁਕਾਨ ਵਿੱਚ ਚੋਰੀ ਦੇ ਸ਼ੱਕ 'ਤੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ

ਝਬਾਲ, 9 ਅਗਸਤ (ਪੋਸਟ ਬਿਊਰੋ)- ਕਸਬਾ ਝਬਾਲ ਵਿਖੇ ਕੱਲ੍ਹ ਤੜਕੇ ਸਪੇਅਰ ਪਾਰਟਸ ਦੀ ਦੁਕਾਨ ਵਿੱਚ ਆਏ ਨੌਜਵਾਨ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਦੁਕਾਨਦਾਰ ਦਾ ਕਹਿਣਾ ਸੀ ਕਿ ਉਹ ਵਿਅਕਤੀ ਉਨ੍ਹਾਂ ਦੀ ਦੁਕਾਨ ਵਿੱਚ ਲੰਮੇ ਸਮੇਂ ਤੋਂ ਚੋਰੀ ਕਰ ਰਿਹਾ ਸੀ ਅਤੇ ਕੱਲ੍ਹ ਰੰਗੇ ਹੱਥੀਂ ਫੜ ਕੇ ਕੁੱਟਮਾਰ ਕੀਤੀ ਸੀ। ਮ੍ਰਿਤਕ ਦੀ ਪਤਨੀ ਨੇ ਕਿਹਾ ਕਿ ਉਸਦਾ ਪਤੀ ਕੰਮ ਕਰਨ ਲਈ ਦੁਕਾਨ ਉੱਤੇ ਜਾਣ ਦਾ ਕਹਿ ਕੇ ਘਰੋਂ ਗਿਆ ਸੀ ਜਿਸ ਨੂੰ ਰੰਜਿਸ਼ ਤਹਿਤ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਥਾਣਾ ਝਬਾਲ ਦੀ ਪੁਲਸ ਨੇ ਪੰਜ ਲੋਕਾਂ ਦੇ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ



ਹੈ।ਚਰਨਜੀਤ ਕੌਰ ਵਾਸੀ ਬਘਿਆੜੀ, ਜੋ ਦਸਮੇਸ਼ ਨਗਰ ਅੰਮ੍ਰਿਤਸਰ ਵਿਖੇ ਰਹਿੰਦੀ ਹੈ, ਨੇ ਪੁਲਸ ਨੂੰ ਦੱਸਿਆ ਕਿ ਉਸਦਾ ਪਤੀ ਸ਼ਰਨਜੀਤ ਸਿੰਘ ਕਾਫ਼ੀ ਸਮਾਂ ਪਹਿਲਾਂ ਸ਼ਰਨ ਸਪੇਅਰ ਪਾਰਟਸ ਨਾਮਕ ਦੁਕਾਨ ਵਿੱਚ ਨੌਕਰੀ ਕਰਦਾ ਸੀ। ਉਸ ਦੁਕਾਨ ਦੇ ਮਾਲਕ ਉਸ ਦੇ ਪਤੀ ਉੱਤੇ ਚੋਰੀ ਦਾ ਸ਼ੱਕ ਕਰਦੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਕੱਲ੍ਹ ਉਸ ਦਾ ਪਤੀ ਘਰ ਕਹਿ ਕੇ ਆਇਆ ਕਿ ਭੁਪਿੰਦਰ ਸਿੰਘ ਹੁਰਾਂ ਦੀ ਦੁਕਾਨ ਉੱਤੇ ਕੰਮ ਕਰਨ ਚੱਲਿਆ ਹੈ ਜਿੱਥੇ ਦੁਕਾਨ ਮਾਲਕਾਂ ਨੇ ਉਸ ਦੀ ਬੇਤਹਾਸ਼ਾ ਕੁੱਟਮਾਰ ਕਰ ਕੇ ਅੱਧ-ਮਰਿਆ ਕਰ ਦਿੱਤਾ ਤੇ ਫਿਰ ਚੁੱਕ ਕੇ ਹਸਪਤਾਲ ਲੈ ਗਏ ਜਿੱਥੇ ਉਸ ਦੀ ਮੌਤ ਹੋ ਗਈ। ਥਾਣਾ ਮੁਖੀ ਗੁਰਚਰਨ ਸਿੰਘ ਨੇ ਦੱਸਿਆ ਕਿ ਚਰਨਜੀਤ ਕੌਰ ਦੇ ਬਿਆਨਾਂ ਉੱਤੇ ਭੁਪਿੰਦਰ ਸਿੰਘ, ਉਸਦੇ ਪਿਤਾ ਹਰਜੀਤ ਸਿੰਘ ਤੋਂ ਇਲਾਵਾ ਬਿਕਰਮਜੀਤ ਸਿੰਘ, ਇੰਦਰਜੀਤ ਸਿੰਘ, ਜੱਜਬੀਰ ਸਿੰਘ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਮੁੱਖ ਦੋਸ਼ੀ ਭੁਪਿੰਦਰ ਸਿੰਘ ਉਨ੍ਹਾਂ ਕੋਲ ਪੇਸ਼ ਹੋ ਚੁਕਾ ਹੈ। ਬਾਕੀਆਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ।ਦੂਜੇ ਪਾਸੇ ਦੋਸ਼ੀ ਬਣਾਏ ਗਏ ਇੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਚਾਚਾ ਸ਼ਰਨ ਸਿੰਘ ਤੇ ਹਰਜੀਤ ਸਿੰਘ ਦੀਆਂ ਸਪੇਅਰ ਪਾਰਟਸ ਦੀਆਂ ਦੁਕਾਨਾਂ ਹਨ, ਜਿੱਥੇ ਸ਼ਰਨਜੀਤ ਸਿੰਘ ਲੰਮੇ ਸਮੇਂ ਤੋਂ ਚੋਰੀ ਕਰਦਾ ਰਿਹਾ ਸੀ। ਇਸ ਦੀ ਉਨ੍ਹਾਂ ਨੇ ਸੀ ਸੀ ਟੀ ਵੀ ਕੈਮਰਿਆਂ ਰਾਹੀਂ ਵੀਡੀਓਗ੍ਰਾਫੀ ਕੀਤੀ ਤੇ ਉਸ ਨੂੰ ਕੱਲ੍ਹ ਸਵੇਰੇ ਚੋਰੀ ਕਰਦਿਆਂ ਰੰਗੇ ਹੱਥੀਂ ਫੜ ਲਿਆ। ਉਸ ਦੇ ਚਚੇਰੇ ਭਰਾਵਾਂ ਨੇ ਉਸ ਨੂੰ ਫ਼ੋਨ ਕਰਕੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਕਰਨ ਵਾਲੇ ਸ਼ਰਨਜੀਤ ਨੂੰ ਕਾਬੂ ਕਰ ਕੇ ਉਸ ਦੀ ਕੁੱਟਮਾਰ ਕੀਤੀ ਹੈ। ਉਨ੍ਹਾਂ ਨੇ ਪੁਲਸ ਹੈਲਪਲਾਈਨ ਉੱਤੇ ਫ਼ੋਨ ਕਰਕੇ ਵੀ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਵਿੱਚੋਂ ਚੋਰੀ ਕਰਨ ਵਾਲੇ ਨੌਜਵਾਨ ਨੂੰ ਉਨ੍ਹਾਂ ਫੜ ਲਿਆ ਹੈ,ਪਰ ਉਸ ਨੇ ਅਤੇ ਉਸ ਦੇ ਭਰਾ ਨੇ ਉਸ ਦੀ ਕੋਈ ਕੁੱਟਮਾਰ ਨਹੀਂ ਕੀਤੀ। ਉਨ੍ਹਾਂ ਦਾ ਨਾਂ ਸਿਆਸੀ ਰੰਜਿਸ਼ ਕਰ ਕੇ ਪਰਚੇ ਵਿੱਚ ਪਵਾਇਆ ਗਿਆ ਹੈ।

## ਵਿਧਾਇਕ ਮਦਨ ਲਾਲ ਨੇ ਕਿਹਾ, ਕਣਕ ਘਪਲੇ ਵਿੱਚ ਮੇਰਾ ਨਾਂ ਘੜੀਸਣ ਵਾਲਿਆਂ ਉੱਤੇ ਕੇਸ ਕਰਾਂਗਾ

ਪਟਿਆਲਾ, 9 ਅਗਸਤ (ਪੋਸਟ ਬਿਊਰੋ)- ਕਾਂਗਰਸੀ ਆਗੂ ਤੇ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਜੰਡਿਆਲਾ ਗੁਰੂ ਵਾਲੇ ਕਣਕ ਘਪਲੇ ਵਿੱਚ ਉਨ੍ਹਾਂ ਦਾ ਨਾਂ ਕੁਝ ਲੋਕਾਂ ਵੱਲੋਂ ਜੋੜਨ ਪਿੱਛੋਂਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਇਸ ਘਪਲੇ ਨਾਲ ਦੂਰ-ਦੂਰ ਦਾ ਵਾਸਤਾ ਵੀ ਨਹੀਂ ਤੇ ਜਿਸ ਫੂਡ ਇੰਸਪੈਕਟਰ ਨੂੰ ਇਸ ਘਪਲੇਦਾ ਦੋਸ਼ੀ ਕਿਹਾ ਕੀਤਾ ਗਿਆ ਹੈ, ਉਨ੍ਹਾਂ ਦਾ ਉਸ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਇਸ ਲਈ ਉਨ੍ਹਾਂ ਨੇ ਫ਼ੈਸਲਾ ਕੀਤਾ ਹੈ ਕਿ ਜਿਨ੍ਹਾਂ ਨੇ ਵੀ ਉਨ੍ਹਾਂ ਦਾ ਨਾਂ ਦੋਸ਼ੀ ਫੂਡ ਇੰਸਪੈਕਟਰ ਨਾਲ ਜੋੜਿਆ ਹੈ, ਉਨ੍ਹਾਂ ਖ਼ਿਲਾਫ਼ ਮਾਣਹਾਨੀ ਦਾ ਕੇਸ ਕਰਨਗੇ।

ਇਸ ਸੰਬੰਧ ਵਿੱਚ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਦੋਸ਼ੀ ਜਸਦੇਵ ਸਿੰਘ ਨੂੰ ਮੇਰਾ ਭਾਣਜਾ ਕਹਿ ਕੇ ਲਿਖਣ ਪਿੱਛੇ ਬੇਹੱਦ ਡੂੰਘੀ ਰਾਜਸੀ ਚਾਲ ਹੈ, ਕਿਉਂਕਿ ਕੁਝ ਲੋਕ ਮੇਰਾ ਰਾਜਨੀਤਕ ਪੱਖ ਤੋਂ ਨੁਕਸਾਨ ਕਰਨਾ ਚਾਹੁੰਦੇ ਹਨ, ਪਰ ਹਲਕੇ ਦੇ ਲੋਕ ਮੇਰੇ ਨਾਲ ਖੜੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਖ਼ਬਰਾਂ ਨਾਲ ਉਨ੍ਹਾਂ ਦਾ ਪਰਵਾਰਕ, ਸਿਆਸੀ ਅਤੇ ਸਮਾਜਿਕ ਤੌਰ ਉੱਤੇ ਨੁਕਸਾਨ ਹੋਇਆ ਹੈ, ਜਿਸ ਕਾਰਨ ਅਸੀਂ ਫ਼ੈਸਲਾ ਕੀਤਾ ਹੈ ਕਿ ਜਿਨ੍ਹਾਂ ਨੇ ਸਾਡਾ ਨਾਂ ਉਛਾਲਿਆ ਹੈ, ਉਨ੍ਹਾਂਖ਼ਿਲਾਫ਼ ਮਾਣਹਾਨੀ ਦਾ ਕੇਸ ਦਰਜ ਕੀਤਾ ਜਾਵੇਗਾ। ਉਨ੍ਹਾ ਨੇ ਵਿਰੋਧੀ ਧਿਰ ਦੇ ਸਿਆਸੀ ਆਗੂਆਂ ਨੂੰ ਬੇਨਤੀ ਕੀਤੀ ਕਿ ਬਿਨਾਂ ਸਹੀ ਜਾਣਕਾਰੀ ਤੋਂ ਵਾਹ-ਵਾਹ ਲੈਣ ਲਈ ਕਿਸੇ ਨੇਤਾ ਦੇ ਸਮਾਜਿਕ ਅਕਸ ਨੂੰ ਢਾਅ ਲਾਉਣਾ ਬਹੁਤ ਘਟੀਆ ਰਾਜਨੀਤੀ ਹੈ,ਅਜਿਹੇ ਬਿਆਨ ਦੇਣ ਤੋਂ ਪਹਿਲਾਂ ਹਰ ਮਾਮਲੇ ਦੀ ਸੱਚਾਈ ਪਤਾ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਮੇਰਾ ਸਕਾ ਭਾਣਜਾ ਜਸਦੀਪ ਸਿੰਘ ਸਪੁੱਤਰ ਸਤਿੰਦਰ ਸਿੰਘ ਵਾਸੀ ਡੀ-627 ਰਣਜੀਤ ਐਵਨਿਊ ਅੰਮ੍ਰਿਤਸਰ ਦਾ ਵਾਸੀ ਹੈ, ਜੋ ਮਾਰਕੀਟ ਕਮੇਟੀ ਅੰਮ੍ਰਿਤਸਰ ਵਿਖੇ ਆਕਸ਼ਨ ਰਿਕਾਰਡਰ ਵਜੋਂ ਆਊਟ ਸੋਰਸਿੰਗ ਦਾ ਕੰਮ ਕਰਦਾ ਹੈ ਅਤੇ ਜਿਸ ਵਿਅਕਤੀ ਨੇ ਘਪਲਾ ਕੀਤਾ ਹੈ, ਉਹ ਜਸਦੇਵ ਸਿੰਘ ਹੈ। ਉਨ੍ਹਾਂ ਕਿਹਾ ਹੈਰਾਨੀ ਹੈ ਕਿ ਸਿਆਸੀ ਲੋਕਾਂ ਨੂੰ ਜਸਦੇਵ ਸਿੰਘ ਅਤੇ ਜਸਦੀਪ ਸਿੰਘ ਦੇ ਨਾਂ ਦਾ ਫਰਕ ਵੀ ਪਤਾ ਨਹੀਂ ਲੱਗਿਆ।

## ਸਰਕਾਰੀ ਕਣਕ ਖ਼ੁਰਦ-ਬੁਰਦ ਕਰਨ 'ਤੇ ਪੰਜ ਅਫਸਰਾਂ ਵਿੱਰੁਧ ਕੇਸ ਦਰਜ

ਸੁਲਤਾਨਪੁਰ ਲੋਧੀ, 9 ਅਗਸਤ (ਪੋਸਟ ਬਿਊਰੋ)- ਸਰਕਾਰੀ ਕਣਕ ਨੂੰ ਖ਼ੁਰਦ-ਬੁਰਦ ਕਰਨ ਦੇ ਦੋਸ਼ ਵਿੱਚ ਜ਼ਿਲ੍ਹਾ ਫੂਡ ਐਂਡ ਸਪਲਾਈ ਕੰਟਰੋਲਰ ਵੱਲੋਂ ਕੀਤੀ ਜਾਂਚ ਪਿੱਛੋਂ ਵਿਭਾਗ ਦੇ ਪੰਜ ਅਫਸਰਾਂ ਵਿਰੁੱਧ ਥਾਣਾ ਸੁਲਤਾਨਪੁਰ ਲੋਧੀ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਹਲਕਾ ਸੁਲਤਾਨਪੁਰ ਲੋਧੀ ਦੇ ਪਿੰਡਾਂ ਵਿੱਚ ਸਸਤੀ ਕਣਕ ਦੀ ਵੰਡ ਪ੍ਰਣਾਲੀ ਬਾਰੇ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਪਰਚੀਆਂ ਕੱਟਣ ਦੇ ਬਾਵਜੂਦ ਕਣਕ ਨਹੀਂ ਮਿਲਦੀ। ਹਲਕਾ ਵਾਸੀਆਂ ਨੇ ਇਸਦੀ ਸ਼ਿਕਾਇਤ ਵਿਧਾਇਕ ਨਵਤੇਜ ਸਿੰਘ ਚੀਮਾ ਨੂੰ ਕੀਤੀਤਾਂ ਵਿਧਾਇਕ ਨੇ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਇਸ ਦੀ ਜਾਂਚ ਲਈ ਕਿਹਾ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨੂੰ ਪੰਜ ਮੈਂਬਰੀ ਕਮੇਟੀ ਬਣਾ ਕੇ ਇਸ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ। ਜਾਂਚ ਵਿੱਚ ਸੁਲਤਾਨਪੁਰ ਲੋਧੀ ਵਿਖੇ ਖੈੜਾ ਓਪਨ ਪਲੰਥਾਂ ਤੋਂ ਲੱਗਭਗ 24,240 ਕੁਇੰਟਲ ਸਰਕਾਰੀ ਕਣਕ ਘੱਟ ਨਿਕਲੀ। ਡੀ ਐਸ ਪੀ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਵਿਭਾਗ ਦੀ ਸਿਫ਼ਾਰਸ਼ ਉੱਤੇਇੰਸਪੈਕਟਰ ਵਿਵੇਕ ਸ਼ਰਮਾ, ਭੁਪਿੰਦਰ ਸਿੰਘ, ਵਿਕਾਸ ਸਿਟੀ, ਰਜੇਸ਼ਵਰ ਸਿੰਘ ਤੇ ਮਨੋਜ ਬਸੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

## ਕਿਸਾਨ ਮੋਰਚੇ ਦੇ ਅੰਦਰੂਨੀ ਮਾਮਲਿਆਂ ਲਈ ਦੋ ਕਮੇਟੀਆਂ ਬਣੀਆਂ

ਨਵੀਂ ਦਿੱਲੀ, 9 ਅਗਸਤ (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚੇ ਦਾ ਹਰਿਆਣੇ ਤੋਂ ਹਿੱਸਾ ਬਣੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਵੱਲੋਂ ਕੁਝ ਦਿਨਾਂ ਤੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਉੱਤੇ ਲਾਏ ਦੋਸ਼ਾਂ ਅਤੇ ਪੰਜਾਬ ਤੋਂ ਚਾਰ ਹੋਰ ਧੜਿਆਂ ਦੇ ਮੋਰਚੇ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਸਮੇਤ ਕਿਸਾਨ ਮੋਰਚੇ ਦੇ ਅੰਦਰੂਨੀ ਮਾਮਲਿਆਂ ਲਈ ਪੰਜ-ਪੰਜ ਮੈਂਬਰਾਂ ਦੀਆਂ ਦੋ ਕਮੇਟੀਆਂ ਬਣਾਈਆਂ ਗਈਆਂ ਹਨ। ਇਨ੍ਹਾਂ ਵਿੱਚੋਂ ਇੱਕ ਕਮੇਟੀ ਹਰਿਆਣੇ ਦੀਆਂ ਯੂਨੀਅਨ, ਖਾਪਾਂ ਨਾਲ ਤਾਲਮੇਲ ਕਰੇਗੀ ਤੇ ਇੱਕ ਕੌਮੀ ਪੱਧਰ ਦੇ ਮਾਮਲੇ ਦੇਖੇਗੀ।

ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਹੇਠ ਮੋਰਚੇ ਦੀ ਬੈਠਕ ਵਿੱਚ ਗੁਰਨਾਮ ਸਿੰਘ ਚੜੂਨੀ ਦਾ ਮਾਮਲਾ ਵਿਚਾਰਿਆ ਗਿਆ। ਬੂਟਾ ਸਿੰਘ ਨੇ ਦੱਸਿਆ ਕਿ ਹਰਿਆਣਾ ਦੇ ਮਾਮਲਿਆਂ ਦੀ ਕਮੇਟੀ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵਾਂਗ ਇਸ ਸੂਬੇ ਦੀਆਂ ਯੂਨੀਅਨਾਂ, ਖਾਪਾਂ ਵਿਚਾਲੇ ਤਾਲਮੇਲ ਬਿਠਾਉਣ ਦਾ ਕੰਮ ਕਰੇਗੀ। ਵਰਨਣ ਯੋਗ ਹੈ ਕਿ ਪੰਜਾਬ ਤੋਂ 'ਪੱਗੜੀ ਸੰਭਾਲ ਲਹਿਰ' ਦੇ ਸਤਨਾਮ ਸਿੰਘ, ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਗੁਰਪ੍ਰੀਤ ਸਿੰਘ, ਪੰਜਾਬ ਫੈਡਰੇਸ਼ਨ ਗੁਰਦਾਸਪੁਰ ਦੇ ਇੰਦਰਪਾਲ ਸਿੰਘ, ਕਿਸਾਨ ਯੂਨੀਅਨ ਮਾਝਾ ਦੇ ਗੁਰਮੁਖ ਸਿੰਘ ਅਤੇ ਸੁਖਜੀਤ ਸਿੰਘ ਆਦਿ ਮੋਰਚੇ ਦੀ ਬੈਠਕ ਵਿੱਚ ਜਾ ਬੈਠੇ ਸਨ। ਇਹ ਲੋਕ ਮੋਰਚੇ ਦਾ ਹਿੱਸਾ ਨਹੀਂ ਹਨ, ਜਿਸ ਕਰ ਕੇ ਮੀਟਿੰਗ ਤੋਂ ਉਨ੍ਹਾਂ ਨੂੰ ਬਾਹਰ ਜਾਣ ਲਈ ਆਖ ਦਿੱਤਾ ਗਿਆ ਤਾਂ ਚੜੂਨੀ ਨੇ ਪੰਜਾਬ ਦੀਆਂ 32 ਯੂਨੀਅਨਾਂ ਉੱਤੇ ਦੋਸ਼ ਲਾਏ ਸਨ। ਜਾਣਕਾਰ ਸੂਤਰਾਂ ਮੁਤਾਬਕ ਹਰਿਆਣੇ ਵਾਲੀ ਕਮੇਟੀ ਟਿਕਰੀ, ਸਿੰਘੂ ਮੋਰਚਿਆਂ ਉੱਤੇ ਬੈਠੀਆਂ ਖਾਪਾਂ ਤੇ ਯੂਨੀਅਨਾਂ, ਪੰਜਾਬ ਦੀਆਂ ਜਥੇਬੰਦੀਆਂ ਵੱਲੋਂ ਚੜੂਨੀ ਦੇ ਪੰਜਾਬ ਮਿਸ਼ਨ ਬਾਰੇ ਸਖਤ ਇਤਰਾਜ਼ਾਂ, ਨਵੀਆਂ ਜਥੇਬੰਦੀਆਂ ਨੂੰ ਮੋਰਚੇ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਪਿਛੋਕੜ ਜਾਂ ਸਿਆਸੀ ਸਬੰਧਾਂ ਦੀ ਜਾਂਚ ਕਰ ਕੇ ਅੱਗੋਂ ਸ਼ਾਮਲ ਕਰਨ ਜਾਂ ਨਾ ਕਰਨ ਦੇ ਸੁਝਾਅ ਦੇਵੇਗੀ। ਇਸ ਕਮੇਟੀ ਵਿੱਚ ਅਭਿਮੰਨਿਊ, ਜਰਨੈਲ ਸਿੰਘ ਰਤੀਆ, ਜੋਗਿੰਦਰ ਸਿੰਘ ਨੈਨ, ਗੁਰਨਾਮ ਸਿੰਘ ਜੱਬਰ ਤੇ ਜਸਬੀਰ ਸਿੰਘ ਭੱਟੀ ਸ਼ਾਮਲ ਹਨ।

ਕੌਮੀ ਪੱਧਰ ਦੇ ਮਾਮਲੇ ਦੇਖਣ ਵਾਲੀ ਕਮੇਟੀ ਵਿੱਚ ਇੰਦਰਜੀਤ ਸਿੰਘ, ਦਿੱਲੀ ਤੋਂ ਵਰਿੰਦਰ ਸਿੰਘ, ਰਾਜੀਵ ਰਾਜੂ, ਆਤਮਜੀਤ ਤੇ ਬਲਬੀਰ ਸਿੰਘ ਰਾਜੇਵਾਲ ਸ਼ਾਮਲ ਹਨ। ਇਹ ਕਮੇਟੀ ਚੜੂਨੀ ਨਾਲ ਜੁੜੇ ਕੌਮੀ ਪੱਧਰ ਦੇ ਮਾਮਲੇ ਅਤੇ ਮੋਰਚੇ ਦੀ ਅਗਲੀ ਰਣਨੀਤੀ ਸਮੇਤ ਬਾਕੀ ਮਾਮਲੇ ਵਿਚਾਰੇਗੀ। ਸੂਤਰਾਂ ਦੇ ਮੁਤਾਬਕ ਮੋਰਚੇ ਦੀ ਕੋਸ਼ਿਸ਼ ਗੁਰਨਾਮ ਸਿੰਘ ਚੜੂਨੀ ਨਾਲ ਮਤਭੇਦ ਖਤਮ ਕਰਨ ਤੇ ਸ਼ਾਂਤਮਈ ਤਰੀਕੇ ਨਾਲ ਹੱਲ ਲੱਭਣ ਦੀ ਹੈ।

## ਪੁਲਵਾਮਾ ਹਮਲੇ ਪਿੱਛੋਂ ਜੈਸ਼ ਨੇ ਨਵਾਂ ਸੰਗਠਨ ਲਸ਼ਕਰ-ਏ-ਮੁਸਤਫਾ ਬਣਾਇਆ

ਨਵੀਂ ਦਿੱਲੀ, 9 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਸਾਲ 2019 ਦੇ ਪੁਲ-ਵਾਮਾ ਹਮਲੇ ਪਿੱਛੋਂ ਅੰਤਰਰਾਸ਼ਟਰੀ ਦਬਾਅ ਤੋਂ ਬਚਣ ਦੇ ਲਈ ਅਗਸਤ-ਸਤੰਬਰ 2020 ਵਿੱਚ ਨਵਾਂ ਅੱਤਵਾਦੀ ਸੰਗਠਨ ਲਸ਼ਕਰ-ਏ-ਮੁਸਤਫਾ (ਐਲ ਈ ਐਮ) ਬਣਾ ਲਿਆ ਸੀ। ਭਾਰਤ ਵਿੱਚ ਇਸਦਾ ਮੁਖੀ ਹਿਦਾਇਤੁਲਾਹ ਮਲਿਕ ਉਰਫ਼ ਹਸਨੈਨ ਨੂੰ ਬਣਾਇਆ ਗਿਆ ਸੀ। ਉਹ ਵਾਂਟਿਡ ਅੱਤਵਾਦੀ ਮੌਲਾਨਾ ਮਸੂਦ ਅਜਹਰ ਦੇ ਭਰਾ ਮੁਫਤੀ ਅਬਦੁਲ ਰਊਫ ਅਸਗਰ ਸਮੇਤ ਕਈ ਜੈਸ਼ ਕਮਾਂਡਰਾਂ ਨਾਲ



ਪਾਕਿਸਤਾਨੀ ਮੋਬਾਈਲ ਨੰਬਰਾਂ ਦੇ ਸੰਪਰਕ ਵਿੱਚ ਸੀ।

ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਦੀ ਚਾਰਜਸ਼ੀਟ ਵਿੱਚ ਇਹ ਖੁਲਾਸਾ ਹੋਇਆ ਹੈ, ਜੋ ਚਾਰ ਅਗਸਤ ਨੂੰ ਜੰਮੂ ਦੀ ਸਪੈਸ਼ਲ ਐਨ ਆਈ ਏ ਕੋਰਟ ਵਿੱਚ ਮਲਿਕ ਸਮੇਤ ਛੇ ਅੱਤਵਾਦੀਆਂ ਦੇ ਖ਼ਿਲਾਫ਼ ਦਾਇਰ ਕੀਤੀ ਗਈ ਹੈ। ਇਸ ਵਿੱਚ ਦੱਸਿਆ ਗਿਆ ਕਿ ਲਕਸ਼ਰ-ਏ-ਮੁਸਤਫਾ ਦੇ ਬਣਨ ਪਿੱਛੋਂ ਮਲਿਕ ਨੂੰ ਜੈਸ਼ ਕਮਾਂਡਰਾਂ ਤੋਂ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਗਤੀਵਿਧੀਆਂ ਵਧਾਉਣ ਦਾ ਨਿਰਦੇਸ਼ ਮਿਲਿਆ ਸੀ। ਐਨ ਆਈ ਏ ਨੇ ਛੇ ਫਰਵਰੀ ਨੂੰ ਐਲ ਈ ਐਮ ਅਤੇ ਉਸ ਦੇ ਬੌਸ ਮਲਿਕ ਦੇ ਖ਼ਿਲਾਫ਼ ਜੰਮੂ ਵਿੱਚ ਅੱਤਵਾਦੀ ਗਤੀਵਿਧੀਆਂ ਦੀ ਸਾਜ਼ਿਸ਼ ਰਚਣ ਦਾ ਮਾਮਲਾ ਦਰਜ ਕੀਤਾ ਸੀ।ਮਲਿਕ ਦੇ ਨਾਲ ਐਨ ਆਈ ਏ ਨੇ ਜੰਮੂ-ਕਸ਼ਮੀਰ ਦੇ ਸ਼ੋਪੀਆਂ ਦੇ ਬਸੀਰਤ-ਓਲ-ਐਨ ਤੇ ਮੁਤਾਬੀਰ ਮੰਜ਼ੂਰ, ਅਨੰਤਨਾਗ ਨਿਵਾਸੀ ਜਾਨ ਮੁਹੰਮਦ ਤੇਲੀ, ਬਿਹਾਰ ਦੇ ਛਪਰਾ ਨਿਵਾਸੀ ਮੁਸਤਾਕ ਆਲਮ ਅਤੇ ਉਸਦੇ ਭਰਾ ਜਾਵੇਦ ਆਲਮ ਨੂੰ ਵੀ ਨਾਮਜਦ ਕੀਤਾ ਗਿਆ ਹੈ, ਜਿਸ ਬਾਰੇ ਅਗਲੀ ਕਾਰਵਾਈ ਚੱਲ ਰਹੀ ਹੈ।

## ਇੰਡੋ-ਤਿੱਬਤ ਬਾਰਡਰ ਪੁਲਸ ਵਿੱਚ ਪਹਿਲੀ ਵਾਰ ਦੋ ਔਰਤਾਂ ਕੰਬੈਟ ਅਧਿਕਾਰੀ ਬਣੀਆਂ

ਨਵੀਂ ਦਿੱਲੀ, 9 ਅਗਸਤ (ਪੋਸਟ ਬਿਊਰੋ)- ਇੰਡੋ-ਤਿੱਬਤਨ ਬਾਰਡਰ ਪੁਲਸ (ਆਈ ਟੀ ਬੀ ਪੀ) ਲਈ ਕੱਲ੍ਹ ਦਾ ਦਿਨ ਇਤਿਹਾਸਕ ਰਿਹਾ, ਜਦੋਂ ਇਸ ਵਿੱਚ ਪਹਿਲੀ ਵਾਰ ਦੋ ਮਹਿਲਾ ਕੰਬੈਟ ਅਫਸਰਾਂ ਦੀ ਨਿਯੁਕਤੀ ਹੋਈ ਹੈ।

ਮਸੂਰੀ ਵਿੱਚਹੋਏ ਆਈ ਟੀ ਬੀ ਪੀ ਅਕਾਡਮੀ ਵਿੱਚ ਪਾਸਿੰਗ ਆਊਟ ਪਰੇਡ ਵਿੱਚ ਉਕਤ ਦੋ ਔਰਤਾਂ ਨੂੰ ਕੰਬੈਟ ਅਫਸਰਾਂ ਵਜੋਂ ਸ਼ਾਮਲ ਕੀਤਾ ਗਿਆ। ਪਰੇਡ ਦੌਰਾਨ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵਿਸ਼ੇਸ਼ ਤੌਰ ਉੱਤੇ ਹਾਜ਼ਰ ਸਨ। ਇਸ ਸਾਲ ਇਹ ਪਹਿਲਾ ਮੌਕਾ ਹੈ ਜਦੋਂ ਪੀ ਐਸ ਸੀ ਚੋਣ ਪ੍ਰਕਿਰਿਆ ਰਾਹੀਂ ਆਈ ਟੀ ਬੀ ਪੀ ਵਿੱਚ ਸ਼ਾਮਲ ਹੋਈਆਂ ਦੋ ਮਹਿਲਾ ਅਧਿਕਾਰੀਆਂ ਪ੍ਰਕ੍ਰਿਤੀ ਅਤੇ ਦੀਕਸ਼ਾ ਨੇ ਇਸ ਮੌਕੇ ਉੱਤੇ ਦੇਸ਼ ਸੇਵਾ ਦੀ ਸਹੁੰ ਚੁੱਕੀ। ਦੋਹਾਂ ਮਹਿਲਾ ਅਫਸਰਾਂ ਦੀ ਨਿਯੁਕਤੀ ਅਸਿਸਟੈਂਟ ਕਮਾਂਡੈਂਟ ਵਜੋਂ ਹੋਈ ਹੈ। ਹਾਲੇ ਤਕ ਆਈ ਟੀ ਬੀ ਪੀ ਵਿੱਚ ਮਹਿਲਾ ਅਫਸਰਾਂ ਵੱਲੋਂ ਮੈਡੀਕਲ ਬਰਾਂਚ ਵਿੱਚ ਹੀ ਸੇਵਾਵਾਂ ਦਿੱਤੀਆਂ ਜਾਂਦੀਆਂ ਸਨ ਪਰ ਇਹ ਪਹਿਲੀ ਵਾਰ ਹੈ ਕਿ ਕੰਬੈਟ ਅਫਸਰਾਂ ਵਜੋਂ ਉਨ੍ਹਾਂ ਨੂੰ ਕਮਿਸ਼ਨ ਮਿਲਿਆ ਹੈ। ਆਈ ਟੀ ਬੀ ਪੀ ਦੀ ਪਾਸਿੰਗ ਆਊਟ ਪਰੇਡ ਪਿੱਛੋਂ ਦੇਸ਼ ਨੂੰ 53 ਸਹਾਇਕ ਕਮਾਂਡੈਂਟ ਮਿਲੇ ਹਨ। ਆਈ ਟੀ ਬੀ ਪੀ ਅਕਾਦਮੀ ਦੀ ਪਾਸਿੰਗ ਆਊਟ ਪਰੇਡ ਵਿੱਚ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਉਣਾ ਸੀ ਪਰ ਕੁਝ ਕਾਰਨਾਂ ਕਾਰਨ ਉਨ੍ਹਾਂ ਦਾ ਇਹ ਪ੍ਰੋਗਰਾਮ ਰੱਦ ਹੋ ਗਿਆ।

## ਬੰਗਾਲ ਦੀ ਕੁੜੀ ਨਾਲ ਦਰਿੰਦਗੀ ਦੇ ਕੇਸ ਵਿੱਚ ਦੋਸ਼ ਪੱਤਰ ਦਾਖਲ


ਬਹਾਦਰਗੜ੍ਹ (ਝੱਜਰ), 9 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਕੁੜੀ ਨਾਲ ਟੀਕਰੀ ਬਾਰਡਰ ਉੱਤੇ ਸਮੂਹਿਕ ਬਲਾਤਕਾਰ ਕੀਤੇ ਜਾਣ ਦੇ ਮਾਮਲੇ ਵਿੱਚ ਪੁਲਸ ਨੇ ਜ਼ਿਲ੍ਹਾ ਤੇ ਸੈਸ਼ਨ ਕੋਰਟ ਵਿੱਚ ਦੋਸ਼ ਪੱਤਰ ਦਾਖਲ ਕਰ ਦਿਤਾ ਹੈ। 139 ਪੇਜ਼ ਦੇ ਦੋਸ਼ ਪੱਤਰ ਵਿੱਚ ਪੁਲਸ ਨੇ ਦੋ ਔਰਤ ਦੋਸ਼ੀਆਂ ਨੂੰ ਗਵਾਹਾਂ ਦੀ ਸੂਚੀ ਵਿੱਚ ਰੱਖਿਆ ਹੈ। ਦੋਵਾਂ ਤੋਂ ਪੁੱਛਗਿੱਛ ਵਿੱਚ ਕਈ ਅਹਿਮ ਜਾਣਕਾਰੀ ਮਿਲੀਆਂ ਸਨ। ਪੁਲਸ ਨੇ ਚਾਰ ਜਣਿਆ ਨੂੰ ਦੋਸ਼ੀ ਮੰਨਿਆ ਹੈ, ਪਰ ਉਨ੍ਹਾਂ ਵਿੱਚੋਂ ਸਿਰਫ ਇੱਕ ਦੀ ਗ੍ਰਿਫਤਾਰੀ ਹੋਈ ਹੈ। ਇੱਕ ਦੋਸ਼ੀ ਅਨਿਲ ਮਲਿਕ ਦੀ ਗ੍ਰਿਫਤਾਰੀ ਦੇ ਬਾਅਦ ਪੁਲਸ ਉੱਤੇ ਵੀ ਦੋਸ਼ ਪੱਤਰ ਜਲਦੀ ਦਾਖਲ ਕਰਨ ਦਾ ਦਬਾਅ ਵਧ ਗਿਆ ਸੀ।

ਵਰਨਣ ਯੋਗ ਹੈ ਕਿ ਪੱਛਮੀ ਬੰਗਾਲ ਤੋਂ ਅੰਦੋਲਨ ਵਿੱਚ ਆਈ ਲੜਕੀ ਦੀ ਤੀਹ ਅਪ੍ਰੈਲ ਨੂੰ ਮੌਤ ਹੋ ਗਈ ਸੀ ਅਤੇ ਉਸ ਦੇ ਪਿਤਾ ਦੀ ਸ਼ਿਕਾਇਤ ਉੱਤੇ ਅੱਠ ਮਈ ਨੂੰ ਕੇਸ ਦਰਜ ਹੋਇਆ ਸੀ। ਕਿਸਾਨ ਸੋਸ਼ਲ ਆਰਮੀ ਦੇ ਚਾਰ ਕਾਰਕੁਨਾਂ ਅਨਿਲ ਮਲਿਕ, ਅਨੂਪ ਚਾਨੌਤ, ਅੰਕੁਰ ਸਾਂਗਵਾਨ ਅਤੇ ਜਗਦੀਸ਼ ਬਰਾੜ ਦੇ ਇਲਾਵਾ ਦੋ ਔਰਤ ਵਾਲੰਟੀਅਰਾਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਜਾਂਚ ਦੇ ਲਈ ਡੀ ਐਸ ਪੀ ਪਵਨ ਕੁਮਾਰ ਦੀ ਅਗਵਾਈ ਵਿੱਚ ਬਣਾਈ ਐਸ ਆਈ ਟੀ ਸਿਰਫ ਅਨਿਲ ਮਲਿਕ ਨੂੰ ਗ੍ਰਿਫਤਾਰ ਕਰ ਸਕੀ ਅਤੇ ਅਨੂਪ, ਅੰਕੁਰ ਤੇ ਜਗਦੀਸ਼ ਫਰਾਰ ਹਨ। ਅਨੂਪ ਅਤੇ ਅੰਕੁਰ ਦੀ ਅਗਾਊਂ ਜ਼ਮਾਨਤ ਅਰਜ਼ੀ ਹਾਈ ਕੋਰਟ ਤੋਂ ਰੱਦ ਹੋ ਚੁੱਕੀ ਹੈ। ਅੰਕੁਰ ਨੇ ਦੋਬਾਰਾ ਹਾਈ ਕੋਰਟ ਵਿੱਚ ਅਰਜ਼ੀ ਦਾਖਲ ਕੀਤੀ ਹੈ, ਜਿਸ ਉੱਤੇ ਸੁਣਵਾਈ ਹੋਣੀ ਹੈ। ਪੁਲਸ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਉੱਤੇ 25-25 ਹਜ਼ਾਰ ਦਾ ਇਨਾਮ ਵੀ ਰੱਖਿਆ ਹੈ। ਯੋਗਤਾ ਸੁਹਾਗ ਅਤੇ ਕਵਿਤਾ ਆਰੀਆ ਸਮੇਤ 25 ਤੋਂ ਵੱਧ ਲੋਕਾਂ ਤੋਂ ਪੁੱਛਗਿੱਛ ਹੋਈ। ਐਸ ਐਚ ਓ ਵਿਜੈ ਕੁਮਾਰ ਨੇ ਕਿਹਾ ਕਿ ਪੁਲਸ ਨੇ ਦੋਸ਼ ਪੱਤਰ ਦਾਖਲ ਕਰ ਦਿੱਤਾ ਹੈ। ਔਰਤਾਂ ਦੀ ਕੋਈ ਵੀ ਅਪਰਾਧਕ ਭੂਮਿਕਾ ਨਹੀਂ ਮਿਲੀ।

## ਆਈ ਏ ਸੀ ਵਿਕਰਾਂਤ ਦੀ ਪੰਜ ਦਿਨਾਂ ਦੀ ਟਰਾਇਲ ਸਮੁੰਦਰੀ ਯਾਤਰਾ ਕਾਮਯਾਬ

ਨਵੀਂ ਦਿੱਲੀ, 9 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਬਣੇ ਹੋਏ ਪਹਿਲੇ ਏਅਰਕਰਾਫਟ ਕੈਰੀਅਰ ਬੇੜੇ (ਆਈ ਏ ਸੀ) ਵਿਕਰਾਂਤ ਨੇ ਆਪਣੀ ਪੰਜ ਦਿਨਾਂ ਪਹਿਲੀਟਰਾਇਲ ਯਾਤਰਾ ਸਫਲਤਾਨਾਲ ਪੂਰੀ ਕਰ ਲਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਦੌਰਾਨ ਚਾਲੀ ਹਜ਼ਾਰ ਟਨ ਦੇ ਇਸ ਜੰਗੀ ਬੇੜੇ ਦੀਆਂ ਅਹਿਮ ਪ੍ਰਣਾਲੀਆਂ ਦਾ ਪ੍ਰਦਰਸ਼ਨ ਸੰਤੋਸ਼ਜਨਕ ਮਿਲਿਆ। ਇਸ ਏਅਰਕਰਾਫਟ ਬੇੜੇ ਨੇ ਸਮੁੰਦਰ ਵਿੱਚ ਅਹਿਮ ਟੈਸਟਿੰਗ ਲਈ ਬੁੱਧਵਾਰ ਸਫਰ ਸ਼ੁਰੂ ਕੀਤਾ ਸੀ। 23 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਬਣੇ ਵਿਕਰਾਂਤ ਨੂੰ ਅਗਲੇ ਸਾਲ ਅਗਸਤ ਤਕ ਜਲ ਸੈਨਾ ਵਿੱਚ ਸ਼ਾਮਲ ਕਰਨ ਦੀ



ਯੋਜਨਾ ਹੈ। ਭਾਰਤੀ ਜਲ ਸੈਨਾ ਦੇ ਬੁਲਾਰੇ ਕਮਾਂਡਰ ਵਿਵੇਕ ਮਧਵਾਲ ਨੇ ਦੱਸਿਆ ਕਿ ਸਮੁੰਦਰੀ ਟੈਸਟਿੰਗ ਦੌਰਾਨ ਬੇੜੇ ਦੇ ਢਾਂਚੇ, ਊਰਜਾ ਨਿਰਮਾਣ ਅਤੇਸਪਲਾਈ ਅਤੇ ਸਹਾਇਕ ਜੰਤਰਾਂ ਸਣੇ ਹੋਰ ਪ੍ਰਦਰਸ਼ਨਾਂ ਦੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਪ੍ਰਣਾਲੀ ਦੇ ਸਾਰੇ ਮਾਪਦੰਡ ਤਸੱਲੀਬਖਸ਼ ਮਿਲੇ ਹਨ ਜਿਨ੍ਹਾਂ ਦੀ ਜਲ ਸੈਨਾ ਦੇ ਦੱਖਣੀ ਕਮਾਂਡ ਦੇ ਫਲੈਗ ਅਫਸਰ ਕਮਾਂਡਿੰਗ ਇਨ ਚੀਫ ਵਾਈਸ ਐਡਮਿਰਲ ਏ ਕੇ ਚਾਵਲਾ ਨੇ ਅਖੀਰਲੇ ਦਿਨ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਵਿਕਰਾਂਤ ਨੂੰ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ 'ਆਜ਼ਾਦੀ ਦਾ ਅੰਮ੍ਰਿਤ ਮਹਾਉਤਸਵ' ਦੇ ਸੰਬੰਧ ਵਿੱਚ ਹੋਣ ਵਾਲੇ ਸਮਾਗਮਾਂ ਦੌਰਾਨ ਜਲ ਸੈਨਾ ਵਿੱਚ ਸ਼ਾਮਲ ਕਰਨ ਦਾ ਟੀਚਾ ਰੱਖਿਆ ਜਾ ਰਿਹਾ ਹੈ। ਇਸ ਜੰਗੀ ਬੇੜੇ ਤੋਂ ਮਿਗ-29, ਕਾਮੋਵ-31 ਹੈਲੀਕਾਪਟਰ, ਐਨ ਐਚ-60 ਆਰ ਹੈਲੀਕਾਪਟਰ ਉਡਾਣ ਭਰ ਸਕਣਗੇ। ਇਸ ਵਿੱਚ 2300 ਤੋਂ ਵੱਧਕੈਬਿਨ ਹਨ, ਜਿਨ੍ਹਾਂ ਨੂੰ ਅਮਲੇ ਦੇ ਕਰੀਬ 1700 ਲੋਕਾਂ ਲਈ ਡਿਜ਼ਾਈਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਮਹਿਲਾ ਅਫਸਰਾਂ ਲਈ ਵਿਸ਼ੇਸ਼ ਕੈਬਿਨ ਵੀ ਸ਼ਾਮਲ ਹਨ।

## ਬ੍ਰਿਟੇਨ ਨੇ ਭਾਰਤੀਆਂ ਨੂੰ ਯਾਤਰਾ ਪਾਬੰਦੀਆਂ 'ਚ ਢਿੱਲ ਦਿੱਤੀ

ਲੰਡਨ, 9 ਅਗਸਤ (ਪੋਸਟ ਬਿਊਰੋ)- ਯੂ ਕੇ ਨੇ ਕੱਲ੍ਹ ਤੋਂ ਇਥੇ ਆਉਣ ਵਾਲੇ ਯਾਤਰੀਆਂ ਉੱਤੇ ਕੋਰੋਨਾ ਮਹਾਮਾਰੀ ਦੇ ਕਾਰਨ ਲਾਈਆਂ ਪਾਬੰਦੀਆਂ ਵਿੱਚ ਢਿੱਲ ਦੇ ਦਿੱਤੀ ਹੈ ਅਤੇ ਯਾਤਰਾ ਪਾਬੰਦੀਆਂ ਦੀ 'ਲਾਲ ਸੂਚੀ' ਵਿੱਚੋਂ ਭਾਰਤ ਨੂੰ ਕੱਢ ਦਿੱਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਮੁਕੰਮਲ ਵੈਕਸੀਨ ਡੋਜ਼ ਲੈਣ ਵਾਲਿਆਂ ਨੂੰ ਬ੍ਰਿਟੇਨ ਪਹੁੰਚਣ ਉੱਤੇ ਦਸ ਦਿਨ ਲਈ ਇਕਾਂਤਵਾਸ ਨਹੀਂ ਹੋਣਾ ਪਵੇਗਾ। ਪਹਿਲਾਂ ਇਹ ਇਕਾਂਤਵਾਸ ਲਾਜ਼ਮੀ ਕੀਤਾ ਗਿਆ ਸੀ।



ਬ੍ਰਿਟੇਨ ਦੇ ਸਿਹਤ ਅਤੇ ਸਮਾਜ ਭਲਾਈ ਵਿਭਾਗ ਮੁਤਾਬਕ ਭਾਰਤ ਤੋਂ ਟੀਕਾ ਲਗਵਾ ਕੇ ਆਉਣ ਵਾਲੇ ਲੋਕ ਸਿੱਧੇ ਘਰ ਜਾਂ ਲੋਕੇਟਰ ਫਾਰਮ ਵਿੱਚ ਦੱਸੀ ਥਾਂ ਉਤੇ ਜਾ ਕੇ ਵੱਖ ਹੋ ਕੇ ਰਹਿ ਸਕਦੇ ਹਨ। ਇਸ ਤੋਂ ਪਹਿਲਾਂ ਯਾਤਰੀ ਨੂੰ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਕੇਂਦਰ ਵਿੱਚ ਇਕਾਂਤਵਾਸ ਹੋਣਾ ਪੈਂਦਾ ਸੀ। ਇਸ ਲਈ ਵੱਖਰੇ ਤੌਰ ਉੱਤੇ 1750 ਪੌਂਡ ਖਰਚਣੇ ਪੈਂਦੇ ਸਨ। ਟੀਕੇ ਦੀਆਂ ਦੋਵੇਂ ਖੁਰਾਕਾਂ ਲੈਣ ਵਾਲਿਆਂ ਉੱਤੇ ਅੱਗੇ ਤੋਂ ਇਹ ਸ਼ਰਤ ਲਾਗੂ ਨਹੀਂ ਹੋਵੇਗੀ। ਇਸ ਤੋਂ ਬਿਨਾ ਜਿਹੜੇ ਯਾਤਰੀਆਂ ਦੇ ਟੀਕਾ ਯੂ ਕੇ ਜਾਂ ਯੂਰਪ ਵਿੱਚ ਲੱਗਾ ਹੈ, ਉਨ੍ਹਾਂ ਨੂੰ ਘਰੇ ਇਕਾਂਤਵਾਸ ਤੋਂ ਵੀ ਛੋਟ ਦਿੱਤੀ ਗਈ ਹੈ। ਬ੍ਰਿਟੇਨ ਨੇ ਕਿਹਾ ਕਿ ਪੂਰੇ ਵਿਸ਼ਵ ਵਿੱਚ ਕਈ ਤਰ੍ਹਾਂ ਦੇ ਕੋਵਿਡ ਵੈਕਸੀਨ ਲਏ ਜਾ ਰਹੇ ਹਨ ਤੇ ਸਰਕਾਰ ਤੈਅ ਕਰ ਰਹੀ ਹੈ ਕਿ ਕਿਹੜੇ ਗੈਰ-ਯੂ ਕੇ ਵੈਕਸੀਨਾਂ ਨੂੰ ਮਾਨਤਾ ਦਿੱਤੀ ਜਾਵੇ। ਆਕਸਫੋਰਡ/ਐਸਟਰਾਜ਼ੈਨੇਕਾ ਦਾ ਕੋਵੀਸ਼ੀਲਡ, ਜਿਸ ਨੂੰ ਭਾਰਤ ਵਿੱਚ ਸੀਰਮ ਇੰਸਟੀਚਿਊਟ ਬਣਾ ਰਿਹਾ ਹੈ, ਦੇ ਯੂ ਕੇ ਵੱਲੋਂ ਮਨਜ਼ੂਰ ਵੈਕਸੀਨਾਂ ਦੇ ਘੇਰੇ ਵਿੱਚ ਆਉਣ ਦੀ ਸੰਭਾਵਨਾ ਹੈ। ਲਾਗੂ ਨਿਯਮਾਂ ਮੁਤਾਬਕ ਭਾਰਤ ਤੋਂ ਯੂ ਕੇ ਆਉਣ ਵਾਲਾ ਯਾਤਰੀ ਉਡਾਣ ਤੋਂ ਤਿੰਨ ਦਿਨ ਪਹਿਲਾਂ ਟੈਸਟ ਕਰਾਉਂਦਾ ਹੈ। ਇੰਗਲੈਂਡ ਪਹੁੰਚਣ ਉੱਤੇ ਦੋ ਕੋਵਿਡ ਟੈਸਟ ਅਗਾਊਂ ਬੁੱਕ ਕਰਦਾ ਹੈ। ਪਹੁੰਚਣ ਉੱਤੇ ਆਪਣੇ ਰਹਿਣ ਵਾਲੀ ਥਾਂ ਬਾਰੇ ਇੱਕ ਫਾਰਮ ਵਿੱਚ ਜਾਣਕਾਰੀ ਦਿੰਦਾ ਹੈ। ਵਰਨਣ ਯੋਗ ਹੈ ਕਿ ਫਿਲਹਾਲ ਸੂਚੀਬੱਧ ਸਾਰੀਆਂ ਦੀਆਂ ਕੌਮਾਂਤਰੀ ਉਡਾਣਾਂ ਬੰਦ ਹਨ, ਪਰ ਦੁਵੱਲੇ ਸਮਝੌਤੇ ਤਹਿਤ ਕੁਝ ਵਿਸ਼ੇਸ਼ ਉਡਾਣਾਂ ਭਾਰਤ ਤੇ ਯੂ ਕੇ ਵਿਚਾਲੇ ਚੱਲ ਰਹੀਆਂ ਹਨ।

ਭਾਰਤ ਨੂੰ ਬ੍ਰਿਟੇਨ ਦੀ 'ਲਾਲ ਸੂਚੀ' ਵਿੱਚੋਂ ਕੱਢੇ ਜਾਣ ਦੀ ਖਬਰ ਆਉਣ ਤੋਂ ਬਾਅਦ ਏਅਰਲਾਈਨ ਕੰਪਨੀਆਂ ਨੂੰ ਵੱਡੀ ਗਿਣਤੀ ਵਿੱਚ ਬੁਕਿੰਗ ਮਿਲਣੀ ਸ਼ੁਰੂ ਹੋ ਗਈ ਹੈ।

## ਕੈਲੀਫੋਨੀਆ ਦੇ ਬਾਅਦ ਯੂਨਾਨ ਵਿੱਚ ਵੀ ਅੱਗ ਦਾ ਭਿਆਨਕ ਰੂਪ

ਗ੍ਰੀਨਵਿਲੇ, 9 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਕੈਲੀਫੋਰਨੀਆ ਵਿੱਚ ਲੱਗੀ ਭਿਆਨਕ ਅੱਗ ਕਾਰਨ ਲੋਕਾਂ ਦੇ ਮਨ ਵਿੱਚ ਡਰ ਹੈ। ਹਜ਼ਾਰਾਂ ਘਰਾਂ ਦੇ ਸੜ ਕੇ ਸੁਆਹ ਹੋ ਜਾਣ ਨਾਲ ਲੋਕ ਡਰ ਦੇ ਪ੍ਰਛਾਵੇਂ ਹੇਠ ਹਨ।



ਵਰਨਣ ਯੋਗ ਹੈ ਕਿ ਤੇਜ਼ ਹਵਾਵਾਂ ਅਤੇ ਬੇਹੱਦ ਖੁਸ਼ਕ ਵਣਸਪਤੀ ਕਾਰਨ ਭੜਕੀ ਅੱਗ ਇਸ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਅੱਗ ਦਾ ਰੂਪ ਲੈਂਦੀ ਜਾਪਦੀ ਹੈ। ਚਾਰ ਸਾਲਾਂ ਤੋਂ ਬੇਘਰ ਰਹੀ ਕੇਸੀਆ ਸਟਡਬੇਕਰ ਮੁਸ਼ਕਲ ਭਰੇ ਹਾਲਾਤ ਤੋਂ ਉਭਰੀ ਹੀ ਸੀ ਕਿ ਇਸ ਅੱਗ ਵਿੱਚ ਮੁੜ ਸਭ ਕੁਝ ਬਰਬਾਦ ਹੋਣ ਦਾ ਖਤਰਾ ਬਣ ਗਿਆ ਹੈ।ਸਟਡਬੇਕਰ ਨੇ ਕਿਹਾ ਕਿ ਸਾਨੂੰ ਪਤਾ ਸੀ ਕਿ ਲੋੜੀਂਦੀ ਬਾਰਸ਼ ਨਾ ਹੋਈ ਅਤੇ ਅੱਗ ਲੱਗ ਸਕਦੀ ਹੈ ਪਰ ਅਸੀਂ ਇਸ ਤਰ੍ਹਾਂ ਦੀ ਭਿਆਨਕ ਅੱਗ ਦੀ ਕਲਪਨਾ ਨਹੀਂ ਕੀਤੀ ਸੀ। ਅੱਗ ਨੇ 370 ਘਰਾਂ ਅਤੇ ਢਾਂਚਿਆਂ ਨੂੰ ਆਪਣੀ ਘੇਰੇ ਵਿੱਚ ਲੈ ਲਿਆ ਹੈ ਅਤੇ ਉਤਰੀ ਸਿਯੇਰਾ ਨੇਵਾਦਾ ਵਿੱਚ ਲੱਗਭਗ 14 ਹਜ਼ਾਰ ਇਮਾਰਤਾਂ ਉੱਤੇ ਇਸ ਦੀ ਲਪੇਟ ਵਿੱਚ ਆਉਣ ਦਾ ਖਤਰਾ ਮੰਡਰਾ ਰਿਹਾ ਹੈ।

ਦੂਸਰੇ ਪਾਸੇ ਯੂਨਾਨ ਵਿੱਚ ਕੱਲ੍ਹ ਤਿੰਨ ਵੱਖ-ਵੱਖ ਥਾਵਾਂ ਉੱਤੇ ਜੰਗਲਾਂ ਵਿੱਚ ਲੱਗੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਇਸ ਅੱਗ ਕਾਰਨ ਸ਼ਹਿਰਾਂ ਉੱਤੇ ਖਤਰਾ ਮੰਡਰਾ ਰਿਹਾ ਹੈ ਅਤੇ ਅੱਗ ਦੇਸ਼ ਦੇ ਦੂਜੇ ਸਭ ਤੋਂ ਵੱਡੇ ਟਾਪੂ ਇਵੀਆ ਤਕ ਪਹੁੰਚ ਗਈ ਹੈ, ਜਿਸ ਕਾਰਨ ਟਾਪੂ ਦਾ ਅੱਧਾ ਹਿੱਸਾ ਕੱਟਿਆ ਗਿਆ ਹੈ। ਕੋਸਟਗਾਰਡ ਫੋਰਸ ਦੀ ਬੁਲਾਰਾ ਨੇ ਦੱਸਿਆ ਕਿ ਉਤਰੀ ਇਵੀਆ ਵਿੱਚ ਫਾਇਰ ਬ੍ਰਿਗੇਡ ਦੇ ਕਰਮਚਾਰੀ ਸੱਤ ਹਜ਼ਾਰ ਦੀ ਆਬਾਦੀ ਵਾਲੇ ਸ਼ਹਿਰ ਇਸਤੀਆ ਅਤੇ ਕਈ ਪਿੰਡਾਂ ਨੂੰ ਬਚਾਉਣ ਦੀ ਸਾਰੀ ਰਾਤ ਕੋਸ਼ਿਸ਼ ਕਰਦੇ ਰਹੇ। ਸਮੁੰਦਰ ਕੰਢੇ ਵੱਸੇ ਪਿੰਡਾਂ ਅਤੇ ਟਾਪੂਆਂ ਵਿੱਚੋਂ ਲੱਗਭਗ 1400 ਵਿਅਕਤੀਆਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ। ਯੂਨਾਨ ਦੇ ਦੱਖਣੀ ਪੇਲੋਪੋਨੀਜ਼ ਟਾਪੂ ਗਰੁੱਪ ਵਿੱਚ ਪ੍ਰਾਚੀਨ ਉਲੰਪੀਆ ਤੇ ਫੋਕਿਡਾ ਅਤੇ ਏਥਨਜ਼ ਦੇ ਉਤਰ ਵਿੱਚ ਮੱਧ ਯੂਨਾਨ ਵਿੱਚ ਵੀ ਵੱਡੇ ਪੱਧਰ ਉੱਤੇ ਅੱਗ ਲੱਗੀ ਹੈ। ਨਾਗਰਿਕ ਸੁਰੱਖਿਆ ਉਪ ਮੰਤਰੀ ਨਿਕੋਸ ਹਾਡਾਲਿਆਸ ਨੇ ਦੱਸਿਆ ਕਿ ਆਸ ਹੈ ਕਿ ਇਸ ਅੱਗ ਉੱਤੇ ਕੱਲ੍ਹ ਤਕ ਕਾਬੂ ਪਾ ਲਿਆ ਜਾਵੇਗਾ।

## ਹਾਲੀਵੁੱਡ ਅਭਿਨੇਤਾ ਜੈਕ ਗਿਲੇਨਹਾਲ ਕਹਿ ਰਿਹੈ, 'ਨਹਾਉਣਾ ਜ਼ਰੂਰੀ ਨਹੀਂ ਹੁੰਦਾ'

ਲਾਸ ਏਂਜਲਸ, 9 ਅਗਸਤ (ਪੋਸਟ ਬਿਊਰੋ)- ਹਾਲੀਵੁੱਡ ਅਭਿਨੇਤਾ ਜੈਕ ਗਿਲੇਨਹਾਲ ਨੂੰ ਨਹੀਂ ਲੱਗਦਾ ਕਿ ਨਹਾਉਣਾ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਦੇ ਅਨੁਸਾਰ ਬਿਨਾਂ ਨਹਾਉਣ ਤੋਂ ਰਹਿਣਾ ਚਮੜੀ ਦੇ ਰੱਖ ਰਖਾਅ ਦੇ ਲਈ ਸਹਾਇਕ ਹੈ, ਤਾਂ ਕਿ ਸਰੀਰ ਸੁਭਾਵਕ ਰੂਪ ਤੋਂ ਖੁਦ ਨੂੰ ਸਾਫ ਕਰ ਸਕੇ।



ਫੀਮੇਲਫਸਟ ਡਾਟ ਕੋ ਡਾਟ ਯੂ ਕੇ ਦੀ ਰਿਪੋਰਟ ਮੁਤਾਬਕ ਉਨ੍ਹਾਂ ਕਿਹਾ ਕਿ ਮੈਨੂੰ ਇਹ ਲੱਗਦਾ ਹੈ ਕਿ ਕਦੇ-ਕਦੇ ਨਹਾਉਣਾ ਘੱਟ ਜ਼ਰੂਰੀ ਹੁੰਦਾ ਹੈ। ਅਭਿਨੇਤਾ ਮਿਲਾ ਕੁਨਿਸ ਅਤੇ ਐਸ਼ਟਨ ਕਚਰ ਵੱਲੋਂ ਸਫਾਈ ਬਾਰੇ ਬਹਿਸ ਸ਼ੁਰੂ ਹੋਣ ਤੋਂ ਬਾਅਦ ਚਾਲੀ ਸਾਲਾ ਅਭਿਨੇਤਾ ਨੇ ਇਹ ਟਿੱਪਣੀ ਕੀਤੀ, ਜਿਨ੍ਹਾਂ ਨੇ ਪਿੱਛੇਜਿਹੇ ਮੰਨਿਆ ਸੀ ਕਿ ਉਹ ਆਪਣੇ ਬੱਚਿਆਂ ਨੂੰ ਤਦ ਤਕ ਨਹੀਂ ਨਹਾਉਂਦੇ, ਜਦ ਤਕ ਉਹ ਉਨ੍ਹਾਂ ਉੱਤੇ ਗੰਦਗੀ ਨਹੀਂ ਦੇਖਦੇ। ਕੁਨਿਸ ਨੇ ਕਿਹਾ ਕਿ ਬਚਪਨ ਵਿੱਚ ਉਨ੍ਹਾਂ ਨੇ ਸ਼ਾਇਦ ਹੀ ਕਦੇ ਨਹਾਇਆ ਹੋਵੇ, ਕਿਉਂਕਿ ਉਨ੍ਹਾਂ ਦੇ ਘਰ ਵਿੱਚ ਗਰਮ ਪਾਣੀ ਨਹੀਂ ਸੀ।

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333

27 Edvac Dr, Brampton, ON L6S 5X8

## ਅਫਗਾਨਿਸਤਾਨ ਵਿੱਚ ਹਿੰਸਾ ਰੋਕਣ ਲਈ ਸਾਰੇ ਦੇਸ਼ਾਂ ਨੂੰ ਇੱਕਜੁੱਟ ਹੋਣ ਦੀ ਲੋੜ: ਭਾਰਤ

ਨਿਊਯਾਰਕ, 9 ਅਗਸਤ (ਪੋਸਟ ਬਿਊਰੋ)- ਯੂ ਐੱਨ ਓ ਵਿੱਚ ਭਾਰਤ ਦੇ ਰਾਜਪੂਤ ਨੇ ਕਿਹਾ ਹੈ ਕਿ ਯੂ ਐੱਨਸੁਰੱਖਿਆ ਕੌਂਸਲ ਦੀ ਪ੍ਰਧਾਨਗੀ ਸੰਭਾਲਣ ਦੇ ਇੱਕ ਹਫ਼ਤੇ ਅੰਦਰ ਉਨ੍ਹਾਂ ਦੇ ਦੇਸ਼ ਨੇ ਅਫਗਾਨਿਸਤਾਨ ਉੱਤੇ ਸ਼ਕਤੀਸ਼ਾਲੀ ਸੰਸਾਰਕ ਪੱਧਰ ਦੀ ਬਾਡੀ ਦੀ ਅਹਿਮ ਬੈਠਕ ਕੀਤੀ ਹੈ।ਇਸ ਬੈਠਕ ਵਿੱਚ ਭਾਰਤ ਦੇ ਰਾਜਦੂਤ ਨੇ ਕਿਹਾ ਕਿ ਮੈਂਬਰ ਦੇਸ਼ਾਂ ਨੂੰ ਅਫਗਾਨਿਸਤਾਨ ਵਿੱਚ ਹਿੰਸਾ ਤੇ ਦੁਸ਼ਮਣੀ ਖ਼ਤਮ ਕਰਨ ਲਈ ਇੱਕਜੁੱਟ ਹੋਣ ਦੀ ਲੋੜ ਹੈ। ਇਸ ਨਾਲ ਦੁਨੀਆ ਨੂੰ ਜੰਗ ਪ੍ਰਭਾਵਿਤ ਦੇਸ਼ ਦੀ ਗੰਭੀਰ ਸਥਿਤੀ ਦਿਖਾਉਣ ਵਿੱਚ ਵੀ ਮਦਦ ਮਿਲੇਗੀ।

ਭਾਰਤ ਵੱਲੋਂ ਅਗਸਤ ਵਿੱਚ ਸਕਿਓਰਟੀ ਕੌਂਸਲ ਦੇ ਕਾਰਜਾਂ ਦੀ ਸੂਚੀ ਅਨੁਸਾਰ ਅਫਗਾਨਿਸਤਾਨ ਬੈਠਕ ਵਿੱਚ ਨਹੀਂ ਸੀ, ਪਰ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ ਮੁਹੰਮਦ ਹਨੀਫ ਨੇ ਅਫਗਾਨਿਸਤਾਨ ਉੱਤੇਯੂ ਐੱਨਸੁਰੱਖਿਆ ਕੌਂਸਲ ਦੀ ਐਮਰਜੈਂਸੀ ਬੈਠਕ ਉੱਤੇ ਚਰਚਾ ਕਰਵਾਉਣ ਲਈ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਗੱਲ ਕੀਤੀ ਸੀ।ਯੂ ਐੱਨ ਵਿੱਚ ਭਾਰਤ



ਦੇ ਸਥਾਈ ਪ੍ਰਤੀਨਿਧੀ ਟੀ ਐਸ ਤਿਰੂਮੂਰਤੀ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇਸ ਬਾਰੇ ਸੁਰੱਖਿਆ ਕੌਂਸਲ ਜਲਦੀ ਵਿਚਾਰ ਕਰੇਗੀ। ਤਿਰੂਮੂਰਤੀ ਨੇ ਸੁਰੱਖਿਆ ਕੌਂਸਲ ਦੀ ਪ੍ਰਧਾਨਗੀ ਦਾ ਪਹਿਲਾ ਹਫ਼ਤਾ ਮੁੱਕਣ ਉੱਤੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅਫਗਾਨਿਸਤਾਨ ਉੱਤੇਯੂ ਐੱਨ ਸੁਰੱਖਿਆ ਕੌਂਸਲ ਦੀ ਬੈਠਕ ਅਹਿਮ ਸੀ, ਜਿੱਥੇਉਸ ਦੇਸ਼ ਅਤੇ ਉਸਦੇ ਲੋਕਾਂ ਖਾਸ ਤੌਰ ਉੱਤੇ ਔਰਤਾਂ, ਬੱਚਿਆਂ ਤੇ ਘੱਟ ਗਿਣਤੀਆਂ ਸਾਹਮਣੇ ਆ ਰਹੀ ਗੰਭੀਰ ਸਥਿਤੀ ਬਾਰੇ ਬਾਹਰਲੀ ਦੁਨੀਆ ਨੂੰ ਦੱਸਣ ਵਿੱਚ ਮਦਦ ਮਿਲੇਗੀ।ਬੈਠਕ ਵਿੱਚ ਅਮਰੀਕਾ ਨੇ ਕਿਹਾ ਕਿ ਤਾਲਿਬਾਨ ਨੂੰ ਕੌਮਾਂਤਰੀ ਭਾਈਚਾਰੇ ਦੀ ਇਹ ਗੱਲ ਜ਼ਰੂਰ ਸੁਣਨੀ ਚਾਹੀਦੀ ਹੈ ਕਿ ਅਸੀਂ ਅਫਗਾਨਿਸਤਾਨ ਉੱਤੇ ਫ਼ੌਜੀ ਕਬਜ਼ਾ ਜਾਂ ਤਾਲਿਬਾਨ ਦੇ ਇਸਲਾਮਿਕ ਰਾਜ ਦੀ ਵਾਪਸੀ ਮਨਜ਼ੂਰ ਨਹੀਂ ਕਰਾਂਗੇ।

WORK MATCH INC.

ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677

info@worksmatch.com

www.worksmatch.com

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:

* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ

* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

80 West Drive, Brampton

Apply In Person to complete application in the Shipping Department

# ਕੌਮਾਂਤਰੀ ਓਲੰਪਿਕ ਕਮੇਟੀ ਨੂੰ ਵੱਧ ਅਧਿਕਾਰ ਦੇ ਦਿੱਤੇ ਗਏ

*** ਵੇਟਲਿਫਟਿੰਗ ਦੇ ਪੈਰਿਸ ਓਲੰਪਿਕ ਤੋਂ ਬਾਹਰ ਹੋਣ ਦਾ ਖਤਰਾ**

ਟੋਕੀਓ, 9 ਅਗਸਤ (ਪੋਸਟ ਬਿਊਰੋ)- ਟੋਕੀਓ ਓਲੰਪਿਕ ਵਿੱਚ ਚਾਂਦੀ ਦਾ ਤਮਗਾ ਜੇਤੂ ਮੀਰਾਬਾਈ ਚਾਨੂ ਦਾ ਪੈਰਿਸ ਓਲੰਪਿਕ 2024 ਵਿੱਚ ਆਪਣੇ ਤਮਗੇ ਦਾ ਰੰਗ ਸੁਨਹਿਰੀ ਕਰਨ ਦਾ ਸੁਫਨਾ ਅਧੂਰਾ ਰਹਿ ਸਕਦਾ ਹੈ ਕਿਉਂਕਿ ਕੌਮਾਂਤਰੀ ਓਲੰਪਿਕ ਕਮੇਟੀ (ਆਈ ਓ ਸੀ) ਨੂੰ ਕਿਸੇ ਵੀ ਖੇਡ ਨੂੰ ਓਲੰਪਿਕ ਪ੍ਰੋਗਰਾਮ ਵਿੱਚੋਂ ਹਟਾਉਣ ਲਈ ਵੱਧ ਅਧਿਕਾਰ ਮਿਲ ਗਏ ਹਨ। ਇਨ੍ਹਾਂ ਅਧਿਕਾਰਾਂ ਦੀ ਸਭ ਤੋਂ ਵੱਧ ਮਾਰ ਵੇਟਲਿਫਟਿੰਗ ਉਤੇ ਪੈ ਸਕਦੀ ਹੈ।

ਵੇਟਲਿਫਟਿੰਗ ਤੇ ਮੁੱਕੇਬਾਜ਼ੀ ਦਾ ਪ੍ਰਬੰਧਕੀ ਸਿਸਟਮ ਲੰਮੇ ਸਮੇਂ ਤੋਂ ਵਿਵਾਦਾਂ ਵਿੱਚ ਹੈ ਅਤੇ ਵੇਟਲਿਫਟਿੰਗ ਨਾਲ ਡੋਪਿੰਗ ਦੀ ਸਮੱਸਿਆ ਵੀ ਜੁੜੀ ਹੈ। ਇਸ ਲਈ ਇਸ ਖੇਡ ਵੰਨਗੀ ਉੱਤੇ ਪੈਰਿਸ ਓਲੰਪਿਕ 2024 ਤੋਂ ਬਾਹਰ ਕੀਤੇ ਜਾਣ ਦੀ ਤਲਵਾਰ ਲਟਕ ਰਹੀ ਹੈ। ਇਨ੍ਹਾਂ ਦੋਵਾਂ ਖੇਡਾਂ ਨਾਲ ਜੁੜੇ ਮੁੱਦਿਆਂ ਨੂੰ ਵੇਖਦੇ ਹੋਏ ਆਈ ਓ ਸੀ ਦੇ ਮੈਂਬਰਾਂ ਨੇ ਵੋਟਿੰਗ ਕਰ ਕੇ ਖੇਡਾਂ ਦੀ ਸਿਖਰਲੀ ਸੰਸਥਾ ਨੂੰ ਕਿਸੇ ਖੇਡ ਨੂੰ ਓਲੰਪਿਕ ਪ੍ਰੋਗਰਾਮਤੋਂ ਬਾਹਰ ਕਰਨ ਲਈ ਵੱਧ ਅਧਿਕਾਰ ਦਿੱਤੇ ਹਨ। ਆਈ ਓ ਸੀ ਮੁਤਾਬਕ ਜੇ ਕੋਈ ਖੇਡ ਫੈਡਰੇਸ਼ਨ ਆਈ ਓ ਸੀ ਦੇ ਕਾਰਜਕਾਰੀ ਬੋਰਡ ਦੇ ਫੈਸਲੇ ਦਾ ਪਾਲਣ ਨਹੀਂ ਕਰਦੀ ਜਾਂ ਕੋਈ ਅਜਿਹਾ ਕੰਮ ਕਰਦੀ ਹੈ ਜਿਸ ਨਾਲ ਓਲੰਪਿਕ ਅੰਦੋਲਨ ਦੀ ਦਿੱਖ ਖਰਾਬ ਹੁੰਦੀ ਹੈ ਤਾਂ ਆਈ ਓ ਸੀ ਉਸ ਨੂੰ ਓਲੰਪਿਕ ਪ੍ਰੋਗਰਾਮ ਤੋਂ ਲਾਂਭੇ ਕਰ ਸਕਦੀ ਹੈ।



ਆਈ ਓ ਸੀ ਦੇ ਮੁਖੀ ਥੌਮਸ ਬਾਕ ਦੀ ਪ੍ਰਧਾਨਗੀ ਵਾਲੇ ਕਾਰਜਕਾਰੀ ਬੋਰਡ ਨੂੰ ਕਿਸੇ ਖੇਡ ਦੀ ਸੰਚਾਲਨ ਸੰਸਥਾ ਦੇ ਕਿਸੇ ਫੈਸਲੇ ਦਾ ਪਾਲਣ ਨਾ ਕਰਨ ਜਾਂ ਉਸ ਨੂੰ ਮੰਨਣ ਤੋਂ ਇਨਕਾਰ ਕਰਨ ਜਾਂਸਸਪੈਂਡ ਕਰਨ ਦਾ ਨਵਾਂ ਅਧਿਕਾਰ ਮਿਲ ਗਿਆ ਹੈ। ਇਸ ਦਾ ਸਭ ਤੋਂ ਵੱਧ ਅਸਰ ਮੁੱਕੇਬਾਜ਼ੀ ਤੇ ਵੇਟਲਿਫਟਿੰਗ ਉੱਤੇ ਪਏਗਾ। ਮੁੱਕੇਬਾਜ਼ੀ ਵਿੱਚ ਓਲੰਪਿਕ ਲਈ ਖਿਡਾਰੀਆਂ ਦਾ ਕੋਟਾ ਪਹਿਲਾਂ ਹੀ ਘੱਟ ਕਰ ਦਿੱਤਾ ਗਿਆ ਹੈ, ਪਰ ਵੇਟਲਿਫਟਿੰਗ ਨੂੰ ਇਨ੍ਹਾਂ ਖੇਡਾਂ ਵਿੱਚੋਂ ਮੁਕੰਮਲ ਰੂਪ ਵਿੱਚ ਹਟਾਇਆ ਜਾ ਸਕਦਾ ਹੈ। ਆਈ ਓ ਸੀ ਦੇ ਉਪ ਪ੍ਰਧਾਨ ਜੌਹਨ ਕੋਟਸ ਨੇ ਕਿਹਾ, ''ਪਿੱਛੇ ਜਿਹੇ ਆਈ ਓ ਸੀ ਨੂੰ ਕੁਝ ਕੌਮਾਂਤਰੀ ਖੇਡ ਫੈਡਰੇਸ਼ਨਾਂ ਦੇ ਸੰਚਲਨ ਨਾਲ ਜੁੜੇ ਫਿਕਰਾਂ ਦਾ ਸਾਹਮਣਾ ਕਰਨਾ ਪਿਆ ਹੈ।'' ਵੇਟਲਿਫਟਿੰਗ ਵਿੱਚ ਲੰਮੇ ਸਮੇਂ ਤੋਂ ਡੋਪਿੰਗ ਤੇ ਸੰਚਾਲਨ ਸਬੰਧੀ ਮੁੱਦੇ ਜੁੜੇ ਹੋਏ ਹਨ। ਇਨ੍ਹਾਂ ਵਿੱਚ ਵਿੱਤੀ ਭ੍ਰਿਸ਼ਟਾਚਾਰ ਵੀ ਸ਼ਾਮਲ ਹੈ।

ਟੌਮਸ ਅਜਾਨ ਨੇ ਦੋ ਦਹਾਕਿਆਂ ਤਕ ਕੌਮਾਂਤਰੀ ਵੇਟਲਿਫਟਿੰਗ ਫੈਡਰੇਸ਼ਨ ਦੀ ਅਗਵਾਈ ਕੀਤੀ, ਪਰ ਪਿਛਲੇ ਸਾਲ ਉਨ੍ਹਾਂ ਨੂੰ ਇਹ ਅਹੁਦਾ ਛੱਡਣਾ ਪਿਆ। ਰੀਓ ਓਲੰਪਿਕ 2016 ਦੇ ਮੁਕਾਬਲਿਆਂ ਉਤੇ ਚੁੱਕੇ ਗਏ ਸਵਾਲਾਂ 'ਤੇ ਪ੍ਰਧਾਨ ਦੀ ਚੋਣ ਨਾਲ ਜੁੜੇ ਫਿਕਰਾਂ ਕਾਰਨ ਟੋਕੀਓ ਖੇਡਾਂ ਦੀ ਮੁੱਕੇਬਾਜ਼ੀ ਨੂੰ 2019 ਵਿੱਚ ਹੀ ਕੌਮਾਂਤਰੀ ਮੁੱਕੇਬਾਜ਼ੀ ਫੈਡਰੇਸ਼ਨ ਦੇ ਕੰਟਰੋਲ ਹੇਠੋਂ ਕੱਢ ਲਿਆ ਗਿਆ ਸੀ। ਚਾਨੂ ਨੇ ਟੋਕੀਓ ਓਲੰਪਿਕ ਦੇ ਪਹਿਲੇ ਦਿਨ ਹੀ ਵੇਟਲਿਫਟਿੰਗ ਦੇ 49 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਭਾਰਤ ਦਾ ਖਾਤਾ ਖੋਲ੍ਹਿਆ ਸੀ। ਚਾਨੂ ਨੇ ਪੈਰਿਸ ਓਲੰਪਿਕ ਵਿੱਚ ਸੋਨ ਤਮਗਾ ਜਿੱਤਣ ਦਾ ਟੀਚਾ ਮਿਥਿਆ ਹੈ।

## ਸ਼ਹੀਦ ਸੁਖਦੇਵ ਦੇ ਜੱਦੀ ਘਰ ਦੀਆਂ ਨੀਹਾਂ ਚੂਹੇ ਖੋਖਲੀਆਂ ਕਰਨ ਲੱਗੇ

ਲੁਧਿਆਣਾ, 9 ਅਗਸਤ (ਪੋਸਟ ਬਿਊਰੋ)- ਭਾਰਤ ਦੀ ਆਜ਼ਾਦੀ ਲਈ ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਨਾਲ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਸੁਖਦੇਵ ਥਾਪਰ ਦੇ ਜੱਦੀ ਘਰ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਇੱਥੋਂ ਦੇ ਨੌਘਰਾ ਮੁਹੱਲੇ ਵਿਚਲੇ ਸ਼ਹੀਦ ਦੇ ਘਰ ਦੀਆਂ ਨੀਹਾਂ ਚੂਹਿਆਂ ਨੇ ਖੋਖਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਵਰਨਣ ਯੋਗ ਹੈ ਕਿ 2018 ਵਿੱਚ ਆਜ਼ਾਦੀ ਦਿਨ ਮੌਕੇ ਪੰਜਾਬ ਸਰਕਾਰ ਨੇ ਸ਼ਹੀਦ ਦੇ ਘਰ ਦੀ ਸੰਭਾਲ ਲਈ ਇੱਕ ਕਰੋੜ ਰੁਪਏ ਦੇ ਫੰਡ ਦੇਣ ਦਾ ਐਲਾਨ ਕੀਤਾ ਸੀ, ਪਰ ਚਾਰ ਸਾਲ ਬੀਤਣ ਦੇ ਬਾਵਜੂਦ ਇਹ ਵਾਅਦਾ ਵਫਾ ਨਹੀਂ ਹੋਇਆ। ਲੁਧਿਆਣਾ ਪ੍ਰਸ਼ਾਸਨ ਦਾ ਵੀ ਇਸ ਵੱਲ ਧਿਆਨ ਨਹੀਂ ਹੈ, ਜਿਸ ਦੇ ਰੋਸ ਵਜੋਂ ਸ਼ਹੀਦ ਦੇ ਵਾਰਸਾਂ ਨੇ ਆਜ਼ਾਦੀ ਦਿਹਾੜੇ ਸਬੰਧੀ ਸਮਾਗਮਾਂ ਦਾ ਇਸ ਵਾਰੀ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ।ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਸਕੱਤਰ ਤ੍ਰਿਭੁਵਨ ਥਾਪਰ ਨੇ ਕਿਹਾ ਕਿ 15 ਅਗਸਤ ਨੂੰ ਸਰਕਾਰੀ ਸਟੇਜ ਤੋਂ ਸ਼ਹੀਦਾਂ ਦਾ ਸਤਿਕਾਰ ਕਰਨ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਪਰ ਜ਼ਮੀਨੀ ਹਕੀਕਤ ਇਸ ਦੇ ਉਲਟ ਹੈ। ਇਹ ਪ੍ਰਸ਼ਾਸਨ ਦੀ ਲਾਪਰਵਾਹੀ ਦਾ ਨਤੀਜਾ ਹੈ ਕਿ ਸ਼ਹੀਦ ਸੁਖਦੇਵ ਦੇ ਜੱਦੀ ਘਰ ਦੀਆਂ ਨੀਹਾਂ ਚੂਹਿਆਂ ਨੇ ਖੋਖਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਲੋਕਾਂ ਨੂੰ ਡਰ ਹੈ ਕਿ ਕਿਤੇ ਸ਼ਹੀਦ ਦੀ ਇਹ ਆਖਰੀ ਨਿਸ਼ਾਨੀ ਡਿੱਗ ਨਾ ਜਾਵੇ। ਇਹ ਮਾਮਲਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ। ਲੋਕਲ ਅਤੇ ਚੰਡੀਗੜ੍ਹ ਪੱਧਰ ਉੱਤੇ ਅਧਿਕਾਰੀਆਂ ਤੇ ਮੰਤਰੀਆਂ ਨੂੰ ਉਹ ਮਿਲ ਚੁੱਕੇ ਹਨ, ਪਰ ਕਿਤੇ ਸੁਣਵਾਈ ਨਹੀਂ ਹੋਈ।ਟਰੱਸਟ ਦੇ ਸਕੱਤਰ ਤ੍ਰਿਭੁਵਨ ਥਾਪਰ ਨੇ ਦੱਸਿਆ ਕਿ ਇਹ ਇਮਾਰਤ ਲੰਮੇ ਸਮੇਂ ਤੋਂ ਪੁਰਾਤੱਤਵ ਵਿਭਾਗ ਕੋਲ ਹੈ। ਵਿਭਾਗ ਨੇ ਇੱਕ ਕਲਰਕ ਦੀ ਡਿਊਟੀ ਲਾਈ ਹੈ, ਜੋ ਇੱਥੇ ਆਉਂਦੇ ਲੋਕਾਂ ਨੂੰ ਇਸ ਦੀ ਜਾਣਕਾਰੀ ਦਿੰਦਾ ਹੈ। ਉਹ ਵੀ ਕਈ ਦਿਨਾਂ ਤੋਂ ਨਹੀਂ ਆਇਆ ਤੇ ਨਾ ਕਿਸੇ ਨੇ ਇਸ ਦੀ ਸਫਾਈ ਕਰਵਾਈ ਹੈ।

## ਚਮਗਿੱਦੜ ਵੱਲੋਂ ਬ੍ਰਿਟੇਨ ਤੋਂ ਰੂਸ ਤਕ ਰਿਕਾਰਡ ਤੋੜ ਉਡਾਣ

ਮਾਸਕੋ, 9 ਅਗਸਤ (ਪੋਸਟ ਬਿਊਰੋ)- ਜਾਨਵਰਾਂ ਦਾ ਲੰਬੀ-ਲੰਬੀ ਦੂਰੀ ਤਕ ਹਿਜਰਤ ਕਰਨਾ ਆਮ ਗੱਲ ਹੈ, ਪ੍ਰੰਤੂ ਇੱਕ ਚਮਗਿੱਦੜ ਨੇ ਸਾਰੇ ਰਿਕਾਰਡ ਹੀ ਤੋੜ ਦਿੱਤੇ। ਇਹ ਬ੍ਰਿਟੇਨ ਤੋਂ ਰੂਸ ਪਹੁੰਚ ਗਿਆ, ਜੋ ਕਿਸੇ ਚਮਗਿੱਦੜ ਦਾ ਕੀਤਾ ਅੱਜ ਤਕ ਦਾ ਸਭ ਤੋਂ ਲੰਬਾ ਸਫਰ ਹੈ। ਕਰੀਬ 2000 ਕਿਲੋਮੀਟਰ ਦੀ ਇਹ ਯਾਤਰਾ ਉਸ ਦੀ ਆਖਰੀ ਯਾਤਰਾ ਬਣ ਗਈ ਤੇ ਰੂਸ ਪਹੁੰਚਦੇ ਸਾਰ ਇੱਕ ਬਿੱਲੀ ਨੇ ਉਸ ਨੂੰ ਆਪਣਾ ਸ਼ਿਕਾਰ ਬਣਾ ਲਿਆ।

ਨਾਥੁਸਿਅਸ ਪਿਪਿਸਟ੍ਰਿਲੇ ਨਾਂਅ ਦਾ ਇਹ ਚਮਗਿੱਦੜ ਇਨਸਾਨ ਦੇ ਅੰਗੂਠੇ ਜਿੱਡਾ ਸੀ। ਇਹ ਰੂਸ ਦੇ ਇੱਕ ਪਿੰਡ ਵਿੱਚ ਮਿਲਿਆ, ਇਸ ਨੂੰ 2016 ਵਿੱਚ ਹੀਥਰੋ ਦੇ ਨੇੜੇ ਇੱਕ ਕੰਟਰੀ ਪਾਰਕ ਵਿੱਚ ਯੂਨੀਕ ਅੰਗੂਠੀ ਦਿੱਤੀ ਗਈ ਸੀ। ਰੂਸ ਵਿਚ ਇਸ ਨੂੰ ਇੱਕ ਬਿੱਲੀ ਨੇ ਜ਼ਖਮੀ ਕਰ ਦਿੱਤਾ ਸੀ। ਇਸ ਨਾਲ ਇਸ ਦੀ ਮੌਤ ਹੋ ਗਈ, ਜਿਸ ਦੇ ਬਾਅਦ ਰਿੰਗ ਦੇਖੀ ਗਈ ਤਾਂ ਪਤਾ ਲੱਗਾ ਕਿ ਉਹ ਲੰਡਨ ਤੋਂ ਇੰਨੀ ਦੂਰ ਆਇਆ ਸੀ।

## ਚੋਰੀ ਦੇ ਚਾਰ ਮੋਟਰਸਾਈਕਲਾਂ ਸਮੇਤ ਤਿੰਨ ਨੌਜਵਾਨ ਕਾਬੂ

ਕਰਤਾਰਪੁਰ, 9 ਅਗਸਤ (ਪੋਸਟ ਬਿਊਰੋ)- ਪੁਲਸ ਨੇ ਗੁਪਤ ਸੂਚਨਾ ਉੱਤੇ ਇਲਾਕੇ ਵਿੱਚ ਸਰਗਰਮ ਮੋਟਰਸਾਈਕਲ ਚੋਰਾਂ ਦੇ ਇੱਕ ਗਿਰੋਹ ਦੇ ਤਿੰਨ ਮੈਂਬਰ ਚੋਰੀ ਦੇ ਚਾਰ ਮੋਟਰਸਾਈਕਲ ਸਹਿਤ ਫੜੇ ਹਨ, ਜੋ ਵੱਖ-ਵੱਖ ਇਲਾਕਿਆਂ ਤੋਂ ਚੋਰੀ ਕਰ ਜਾਅਲੀ ਨੰਬਰ ਲੱਗਾ ਕੇ ਵੇਚਦੇ ਸਨ।

ਡੀ ਐਸ ਪੀ (ਆਈ) ਗੁਰਦੀਪ ਸਿੰਘ ਪੁਲਸ ਪਾਰਟੀ ਦੇ ਨਾਲ ਜਦੋਂ ਭੁਲੱਥ ਮੋੜ ਦੇ ਨਾਕੇ ਉੱਤੇ ਸੀ ਤਾਂ ਉਨ੍ਹਾਂ ਨੂੰ ਦੋ ਮੋਟਰਸਾਈਕਲਾਂ ਉੱਤੇ ਤਿੰਨ ਨੌਜਵਾਨਾਂ ਵੱਲੋਂ ਜਾਅਲੀ ਨੰਬਰ ਵਾਲੇ ਮੋਟਰਸਾਈਕਲ ਵੇਚਣ ਦੀ ਤਿਆਰੀ ਬਾਰੇ ਸੂਚਨਾ ਮਿਲੀ। ਪੁਲਸ ਟੀਮ ਨੇ ਤੁਰੰਤ ਤਿੰਨਾਂ ਨੌਜਵਾਨਾਂ ਨੂੰ ਫੜ ਲਿਆ, ਜਿਨ੍ਹਾਂ ਦੀ ਪਛਾਣ ਸੰਦੀਪ ਸਿੰਘ ਉਰਫ਼ ਕਾਕਾ ਪੁੱਤਰ ਬੱਗਾ ਸਿੰਘ, ਸੰਨੀ ਅਤੇ ਸੁਖਜਿੰਦਰ ਸਿੰਘ ਉਰਫ਼ ਸੁਖੀ ਪੁੱਤਰ ਭੋਲਾ ਸਿੰਘ ਨਿਵਾਸੀ ਇਬਰਾਹੀਮਵਾਲ, ਥਾਣਾ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ। ਇਸ ਦੌਰਾਨ ਮੋਟਰਸਾਈਕਲ ਦੇ ਨੰਬਰ ਦੀ ਜਾਂਚ ਕੀਤੀ ਤਾਂ ਉਹ ਜਾਅਲੀ ਨਿਕਲਿਆ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDER CHHINA
BROKER
647.293.2327



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲੈਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Sales Person Required
**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
✪ ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
✪ ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
✪ ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

